@Qpatrika
@qaumipatrika punjabi
instagram.com/ qaumipatrika
Largest Circulated
C M Y K

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, उत्तर प्रदेश, उत्तराखण्ड से प्रसारित।

Thursday, 10 October 2024

VISIT: www.qaumipatrika.org
Email: qpatrika@gmail.com

Punjabi National Daily

ਨਵੀਂ ਦਿੱਲੀ: ਵੀਰਵਾਰ 10 ਅਕਤੂਬਰ 2024, 25 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 335, qpatrika@gmail.com ਫੋਨ : 9971359517 www.qaumipatrika.org

## ਹਰਿਆਣਾ ਚੋਣ ਜਿੱਤ ਮਗਰੋਂ ਵਿਨੇਸ਼ ਫੋਗਾਟ ਨੇ ਦਿੱਤਾ ਪਹਿਲਾ ਬਿਆਨ

ਜੁਲਾਨਾ 9 ਅਕਤੂਬਰ। ਪਹਿਲਵਾਨੀ ਤੋਂ ਸਿਆਸਤ ਵਿਚ ਆਈ ਵਿਨੇਸ਼ ਫੋਗਾਟ ਨੇ ਜੁਲਾਨਾ ਸੀਟ ਜਿੱਤ ਲਈ ਹੈ। ਉਨ੍ਹਾਂ ਨੇ 6015 ਵੋਟਾਂ ਨਾਲ ਜਿੱਤ ਹਾਸਲ ਕੀਤੀ। ਵਿਨੇਸ਼ ਨੇ ਭਾਜਪਾ ਉਮੀਦਵਾਰ ਯੋਗੇਸ਼ ਕੁਮਾਰ ਨੂੰ ਹਰਾਇਆ। ਆਪਣੀ ਜਿੱਤ ਤੋਂ ਬਾਅਦ ਵਿਨੇਸ਼ ਨੇ ਕਿਹਾ ਹੈ ਕਿ ਉਨ੍ਹਾਂ ਦੀ ਜਿੱਤ ਹਰ ਉਸ ਸੰਘਰਸ਼ਸ਼ੀਲ ਕੁੜੀ ਦੀ ਜਿੱਤ ਹੈ, ਜਿਸ ਨੇ ਲੜਨ ਅਤੇ ਸੰਘਰਸ਼



ਕਰਨ ਦਾ ਰਾਹ ਚੁਣਿਆ ਹੈ ਅਤੇ ਸੱਚਾਈ 'ਤੇ ਤੁਰਨ ਦਾ ਸੰਕਲਪ ਲਿਆ ਹੈ। ਪਹਿਲਵਾਨ ਵਿਨੇਸ਼ ਫੋਗਾਟ ਹਰਿਆਣਾ ਵਿਧਾਨ ਸਭਾ ਚੋਣਾਂ ਦਰਮਿਆਨ ਕਾਂਗਰਸ ਵਿਚ ਸ਼ਾਮਲ ਹੋਈ ਸੀ ਅਤੇ ਪਾਰਟੀ ਨੇ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਵਿਚ ਉਮੀਦਵਾਰ ਬਣਾਇਆ। ਕਾਂਗਰਸ ਨੇਤਾ ਵਿਨੇਸ਼ ਫੋਗਾਟ ਨੇ ਆਪਣੀ ਜਿੱਤ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਇਹ ਹਰ ਉਸ ਕੁੜੀ, ਹਰ ਮਹਿਲਾ ਦੀ ਲੜਾਈ ਹੈ, ਜੋ ਲੜਨ ਦਾ ਰਾਹ ਚੁਣਦੀ ਹੈ। ਇਹ ਹਰ ਸੰਘਰਸ਼ ਦੀ ਸੱਚਾਈ ਦੀ ਜਿੱਤ ਹੈ। ਇਸ ਦੇਸ਼ ਨੇ ਮੈਨੂੰ ਜੋ ਪਿਆਰ ਅਤੇ ਭਰੋਸਾ ਦਿੱਤਾ ਹੈ, ਉਸ ਨੂੰ ਮੈਂ ਬਣਾ ਕੇ ਰੱਖਾਂਗੀ। ਦੱਸ ਦੇਈਏ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ 49 ਸੀਟਾਂ 'ਤੇ ਲੀਡ ਬਣਾਈ ਹੈ। ਕਾਂਗਰਸ 35 ਸੀਟਾਂ 'ਤੇ ਅੱਗੇ ਹੈ।

## ਦਿੱਲੀ 'ਚ ਸਰਨਾਰਥੀਆਂ 'ਤੇ ਤੇਜਾਬ ਨਾਲ ਹਮਲਾ, ਬੱਚੇ ਸਮੇਤ 3 ਜਖਮੀ

ਨਵੀਂ ਦਿੱਲੀ 9 ਅਕਤੂਬਰ। ਪੱਛਮੀ ਦਿੱਲੀ ਦੇ ਵਿਕਾਸਪੁਰੀ 'ਚ ਸਥਾਨਕ ਲੋਕਾਂ ਤੇ ਸਰਨਾਰਥੀਆਂ ਵਿਚਾਲੇ ਹੋਏ ਝਗੜੇ ਦੌਰਾਨ ਤੇਜਾਬ ਨਾਲ ਕੀਤੇ ਗਏ ਹਮਲੇ 'ਚ ਇਕ ਸੀਰੀਆਈ ਨਾਗਰਿਕ ਸਮੇਤ ਤਿੰਨ ਸਰਨਾਰਥੀ ਝੁਲਸ ਗਏ। ਪੁਲਸ ਨੇ ਦੱਸਿਆ ਕਿ ਇਸ ਹਮਲੇ 'ਚ 11 ਮਹੀਨੇ ਦਾ ਬੱਚਾ ਵੀ ਜਖਮੀ ਹੋ ਗਿਆ, ਜਿਸ ਨੂੰ ਸਫਦਰਜੰਗ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਪੁਲਸ ਮੁਤਾਬਕ ਇਸ ਸਬੰਧੀ ਐੱਫ. ਆਈ. ਆਰ. ਦਰਜ ਕਰ ਕੇ ਇਕ ਸਥਾਨਕ ਵਾਸੀ ਰਾਕੇਸ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਘਟਨਾ 30 ਸਤੰਬਰ ਨੂੰ ਵਿਕਾਸਪੁਰੀ ਸਥਿਤ ਸੰਯੁਕਤ ਰਾਸਟਰ ਹਾਈ ਕਮਿਸਨਰ ਫਾਰ ਰਫਿਊਜੀਜ (ਯੂ. ਐੱਨ. ਐੱਚ. ਆਰ. ਸੀ.) ਦੇ ਦਫਤਰ ਨੇੜੇ ਵਾਪਰੀ ਸੀ। ਪੁਲਸ ਨੇ ਕਿਹਾ ਕਿ ਸਰਨਾਰਥੀ ਅਕਸਰ ਕੰਮ ਤੇ ਸ਼ਰਨ ਲਈ ਉਕਤ ਦਫਤਰ ਆਉਂਦੇ ਰਹਿੰਦੇ ਹਨ। ਇੰਨਾ ਹੀ ਨਹੀਂ, ਉਹ ਅਕਸਰ ਨਾਅਰੇਬਾਜੀ ਵੀ ਕਰਦੇ ਹਨ, ਜਿਸ ਨਾਲ ਸਥਾਨਕ ਲੋਕਾਂ ਨੂੰ ਪ੍ਰੇਸਾਨੀ ਹੁੰਦੀ ਹੈ।

## ਬੰਬ ਦੀ ਧਮਕੀ ਦੇ ਬਾਵਜੂਦ ਸਾਢੇ 3 ਘੰਟੇ ਉੱਡਦਾ ਰਿਹਾ ਜਹਾਜ਼

ਨਵੀਂ ਦਿੱਲੀ 9 ਅਕਤੂਬਰ। ਲੰਡਨ ਤੋਂ ਦਿੱਲੀ ਲਈ ਰਵਾਨਾ ਹੋਈ ਵਿਸਤਾਰਾ ਏਅਰਲਾਈਨਜ ਦੀ ਫਲਾਈਟ ਯੂ.ਕੇ.-18 'ਚ ਬੰਬ ਦੀ ਸੂਚਨਾ ਨਾਲ ਹੜਕੰਪ ਮੱਚ ਗਿਆ। ਫਲਾਈਟ ਦੇ ਦਿੱਲੀ ਪੁੱਜਣ ਤੋਂ ਲੱਗਭਗ ਸਾਢੇ 3 ਘੰਟੇ ਪਹਿਲਾਂ ਇਕ ਯਾਤਰੀ ਨੇ ਜਹਾਜ ਦੇ ਟਾਇਲਟ 'ਚ ਧਮਕੀ ਭਰਿਆ ਟਿਸ਼ੂ ਪੇਪਰ ਵੇਖਿਆ। ਉਸ ਨੇ ਕਰੂ ਮੈਂਬਰਾਂ ਨੂੰ ਸੂਚਨਾ ਦਿੱਤੀ। ਫਲਾਈਟ ਨੂੰ ਦਿੱਲੀ 'ਚ ਲੈਂਡ ਕਰਵਾ ਕੇ ਆਈਸੋਲੇਸ਼ਨ 'ਚ ਲਿਜਾਇਆ ਗਿਆ, ਜਿੱਥੇ




ਸਾਰੇ ਯਾਤਰੀਆਂ ਦੇ ਸਾਮਾਨ ਦੀ ਤਲਾਸ਼ੀ ਲਈ ਗਈ। ਹਾਲਾਂਕਿ ਜਾਂਚ 'ਚ ਬੰਬ ਵਰਗੀ ਕੋਈ ਚੀਜ ਨਹੀਂ ਮਿਲੀ। ਇਸ ਮਾਮਲੇ 'ਚ ਅਹਿਮ ਗੱਲ ਇਹ ਵੀ ਹੈ ਕਿ ਬੰਬ ਦੀ ਸੂਚਨਾ ਵਾਲਾ ਟਿਸ਼ੂ ਪੇਪਰ ਮਿਲਣ ਦੇ ਬਾਵਜੂਦ ਸਾਢੇ 3 ਘੰਟੇ ਤੱਕ ਜਹਾਜ ਹਵਾ 'ਚ ਉੱਡਦਾ ਰਿਹਾ। ਪੁਲਸ ਨੇ ਕਰੂ ਮੈਂਬਰਾਂ ਨੂੰ ਸਵਾਲ ਕੀਤਾ ਕਿ ਬੰਬ ਦੀ ਸੂਚਨਾ ਦੇ ਬਾਵਜੂਦ ਜਹਾਜ ਨੂੰ ਦਿੱਲੀ ਤੱਕ ਕਿਉਂ ਲਿਆਂਦਾ ਗਿਆ। ਕਿਸੇ ਨੇੜਲੇ ਦੇਸ਼ 'ਚ ਹੀ ਲੈਂਡਿੰਗ ਦੀ ਇਜਾਜਤ ਮੰਗੀ ਜਾ ਸਕਦੀ ਸੀ। ਪੁਲਸ ਦੇ ਸਵਾਲ 'ਤੇ ਪਾਇਲਟ ਅਤੇ ਕਰੂ ਮੈਂਬਰਾਂ ਨੇ ਕਿਹਾ ਕਿ ਰਸਤੇ 'ਚ ਫਲਾਈਟ ਲੈਂਡ ਕਰਵਾਉਣ 'ਤੇ ਸੂਚਨਾ ਲਿਖਣ ਵਾਲੇ ਜਹਾਜ ਨੂੰ ਹਾਈਜੈਕ ਕਰ ਸਕਦੇ ਸਨ। ਇਸ ਖਤਰੇ ਤੋਂ ਬਚਣ ਲਈ ਫਲਾਈਟ ਨੂੰ ਸਿੱਧੇ ਦਿੱਲੀ ਲਿਆਂਦਾ ਗਿਆ। ਜਹਾਜ 'ਚ ਕਰੂ ਮੈਂਬਰਾਂ ਸਮੇਤ ਲਗਭਗ 300 ਯਾਤਰੀ ਸਵਾਰ ਸਨ।

# ਰਤਨ ਟਾਟਾ ਦੇ ਦੇਹਾਂਤ 'ਤੇ ਦੇਸ਼ ਭਰ 'ਚ ਸੋਗ ਦੀ ਲਹਿਰ, ਪ੍ਰਧਾਨ ਮੰਤਰੀ ਮੋਦੀ ਸਣੇ ਇੰਨ੍ਹਾਂ ਨੇਤਾਵਾਂ ਨੇ ਜਤਾਇਆ ਦੁੱਖ

ਸਿੰਮੀ ਕੌਰ ਬੱਬਰ

ਨੈਸ਼ਨਲ ਡੈਸਕ 9 ਅਕਤੂਬਰ। ਉਦਯੋਗਪਤੀ ਰਤਨ ਟਾਟਾ ਦੇ ਦੇਹਾਂਤ 'ਤੇ ਦੇਸ਼ ਭਰ 'ਚ ਸੋਗ ਦੀ ਲਹਿਰ ਹੈ। ਉਨ੍ਹਾਂ ਨੇ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ 'ਚ ਆਖਰੀ ਸਾਹ ਲਿਆ। ਕੁਝ ਦਿਨ ਪਹਿਲਾਂ, ਉਨ੍ਹਾਂ ਨੂੰ ਉਮਰ ਨਾਲ ਸਬੰਧਤ ਡਾਕਟਰੀ ਸਥਿਤੀ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਸਮੇਤ ਦੇਸ ਦੀਆਂ ਕਈ ਮਸਹੂਰ ਹਸਤੀਆਂ ਨੇ ਉਨ੍ਹਾਂ ਦੇ ਦੇਹਾਂਤ 'ਤੇ ਸੋਗ ਪ੍ਰਗਟ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਤਨ ਟਾਟਾ ਨੂੰ ਇੱਕ ਦੂਰਦਰਸੀ ਵਪਾਰਕ ਨੇਤਾ, ਇੱਕ ਦਿਆਲੂ ਆਤਮਾ ਅਤੇ ਇੱਕ ਅਸਾਧਾਰਨ ਮਨੁੱਖ ਦੱਸਿਆ। ਪੀਐੱਮ ਮੋਦੀ ਦੇ ਅਨੁਸਾਰ, ਰਤਨ ਟਾਟਾ ਨੇ ਭਾਰਤ ਦੇ ਸਭ ਤੋਂ ਪੁਰਾਣੇ ਅਤੇ ਸਭ ਤੋਂ ਵੱਕਾਰੀ ਕਾਰੋਬਾਰੀ ਘਰਾਣਿਆਂ ਵਿੱਚੋਂ ਇੱਕ ਨੂੰ ਸਥਿਰ ਅਗਵਾਈ ਪ੍ਰਦਾਨ ਕੀਤੀ। ਇਸ ਤੋਂ ਇਲਾਵਾ, ਉਨ੍ਹਾਂ ਦਾ ਯੋਗਦਾਨ ਬੋਰਡਰੂਮ ਤੋਂ ਬਹੁਤ ਪਰੇ ਚਲਾ ਗਿਆ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਟਾਟਾ ਨੂੰ ਭਾਰਤ ਦੇ ਉਦਯੋਗ ਦਾ ਥੰਮ ਦੱਸਿਆ ਅਤੇ ਕਿਹਾ ਕਿ ਭਾਰਤੀ ਅਰਥਵਿਵਸਥਾ ਵਿੱਚ ਉਨ੍ਹਾਂ ਦਾ ਯੋਗਦਾਨ ਬੇਮਿਸਾਲ



ਹੈ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਰਤਨ ਟਾਟਾ ਨੂੰ ਸ਼ਰਧਾਂਜਲੀ ਦਿੱਤੀ। ਉਨ੍ਹਾਂ ਕਿਹਾ, "ਰਤਨ ਟਾਟਾ ਇੱਕ ਦੂਰਅੰਦੇਸੀ ਸਨ। ਉਨ੍ਹਾਂ ਨੇ ਵਪਾਰ ਅਤੇ



ਪਰਉਪਕਾਰ ਦੋਵਾਂ 'ਤੇ ਅਮਿੱਟ ਛਾਪ ਛੱਡੀ। ਉਨ੍ਹਾਂ ਦੇ ਪਰਿਵਾਰ ਅਤੇ ਟਾਟਾ ਭਾਈਚਾਰੇ ਪ੍ਰਤੀ ਮੇਰੀ ਸੰਵੇਦਨਾ ਹੈ।" ਕ੍ਰਿਕਟਰ ਵਰਿੰਦਰ ਸਹਿਵਾਗ ਨੇ ਵੀ ਰਤਨ ਟਾਟਾ ਦੇ ਦੇਹਾਂਤ 'ਤੇ ਦੁੱਖ ਜਤਾਇਆ ਹੈ। ਉਨ੍ਹਾਂ ਰਤਨ ਟਾਟਾ ਨੂੰ ਭਾਰਤ ਦਾ ਅਸਲੀ ਰਤਨ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਕਈ ਪੀੜ੍ਹੀਆਂ ਇਸ ਤੋਂ ਪ੍ਰੇਰਨਾ ਲੈਣਗੀਆਂ। ਰਤਨ ਟਾਟਾ ਦੇ ਦੇਹਾਂਤ 'ਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਕਿਹਾ, 'ਰਤਨ ਟਾਟਾ ਵਰਗੀ ਦੂਰਅੰਦੇਸੀ ਅਤੇ ਇਮਾਨਦਾਰੀ ਨਾਲ ਇਸ ਦੁਨੀਆ 'ਤੇ ਬਹੁਤ ਘੱਟ ਲੋਕਾਂ ਨੇ ਅਜਿਹਾ ਅਮਿੱਟ ਛਾਪ ਛੱਡਿਆ ਹੈ। ਅੱਜ, ਅਸੀਂ ਨਾ ਸਿਰਫ ਇੱਕ ਵਪਾਰਕ ਦਿੱਗਜ ਨੂੰ ਗੁਆ ਦਿੱਤਾ ਹੈ, ਸਗੋਂ ਇੱਕ ਸੱਚੇ ਮਨੁੱਖਤਾਵਾਦੀ ਨੂੰ ਵੀ ਗੁਆ ਦਿੱਤਾ ਹੈ, ਜਿਸਦੀ ਵਿਰਾਸਤ ਉਦਯੋਗਿਕ ਲੈਂਡਸਕੇਪ ਤੋਂ ਪਾਰ ਹੈ ਅਤੇ ਹਰ ਦਿਲ ਵਿੱਚ ਵੱਸਦੀ ਹੈ ਜਿਸਨੂੰ ਉਨ੍ਹਾਂ ਨੇ ਛੂਹਿਆ ਸੀ।' ਉਦਯੋਗ ਦੇ ਇਕ ਹੋਰ ਦਿੱਗਜ ਆਨੰਦ ਮਹਿੰਦਰਾ ਨੇ ਵੀ ਟਾਟਾ ਦੇ ਦੇਹਾਂਤ 'ਤੇ ਸੋਗ ਪ੍ਰਗਟ ਕੀਤਾ।

ਉਨ੍ਹਾਂ ਕਿਹਾ ਕਿ ਅੱਜ ਭਾਰਤ ਦੀ ਆਰਥਿਕਤਾ ਇਤਿਹਾਸਕ ਛਾਲ ਮਾਰਨ ਦੀ ਕਗਾਰ 'ਤੇ ਹੈ। ਸਾਨੂੰ ਇਸ ਸਥਿਤੀ ਤੱਕ ਪਹੁੰਚਾਉਣ ਵਿੱਚ ਰਤਨ ਦੇ ਜੀਵਨ ਅਤੇ ਕਾਰਜ ਦਾ ਬਹੁਤ ਵੱਡਾ ਯੋਗਦਾਨ ਹੈ। ਅਜਿਹੇ ਸਮੇਂ ਉਨ੍ਹਾਂ ਦਾ ਮਾਰਗਦਰਸਨ ਅਨਮੋਲ ਹੁੰਦਾ।

## ਮੈਨੂੰ ਸਟਾਰ ਪ੍ਰਚਾਰਕਾਂ ਦੀ ਲੋੜ ਨਹੀਂ, ਮੇਰੇ ਲਈ ਵਰਕਰ ਹੀ ਕਾਫੀ ਹਨ: ਅਨਿਲ ਵਿਜ

ਅੰਬਾਲਾ 9 ਅਕਤੂਬਰ। ਹਰਿਆਣਾ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਵਿਜ ਨੇ ਬੁੱਧਵਾਰ ਨੂੰ ਕਿਹਾ ਕਿ ਉਨ੍ਹਾਂ ਨੂੰ ਸਟਾਰ ਪ੍ਰਚਾਰਕਾਂ ਦੀ ਲੋੜ ਨਹੀਂ ਹੈ ਅਤੇ ਉਨ੍ਹਾਂ ਦੇ ਸਟਾਰ ਪ੍ਰਚਾਰਕ ਉਨ੍ਹਾਂ ਦੇ ਵਰਕਰ ਹਨ। ਹਰਿਆਣਾ ਵਿਧਾਨ ਸਭਾ ਚੋਣਾਂ ਅੰਬਾਲਾ ਛਾਉਣੀ ਸੀਟ ਤੋਂ ਸਖਤ ਮੁਕਾਬਲੇ ਵਿੱਚ ਜਿੱਤਣ ਵਾਲੇ ਵਿੱਜ ਨੇ ਕਿਹਾ ਕਿ ਉਨ੍ਹਾਂ ਨੇ ਅੱਠ ਚੋਣਾਂ ਲੜੀਆਂ ਹਨ ਅਤੇ ਉਨ੍ਹਾਂ ਵਿੱਚੋਂ ਸੱਤ ਜਿੱਤੀਆਂ ਹਨ। ਸਾਬਕਾ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸਨ ਅਡਵਾਨੀ ਇੱਕ ਚੋਣ ਪ੍ਰਚਾਰ ਲਈ ਆਏ ਸਨ। ਇਸ ਤੋਂ ਇਲਾਵਾ ਉਹਨਾਂ ਨੇ ਕਦੇ ਕਿਸੇ ਸਟਾਰ ਪ੍ਰਚਾਰਕ ਨੂੰ ਨਹੀਂ ਬੁਲਾਇਆ, ਕਿਉਂਕਿ ਉਸ ਦੇ ਸਟਾਰ ਪ੍ਰਚਾਰਕ ਉਸ ਦੇ ਵਰਕਰ ਹਨ। ਸ੍ਰੀ ਵਿੱਜ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਚੋਣ ਅੰਦਾਜੇ ਵੱਡੇ ਵਿਦਵਾਨਾਂ ਨਾਲੋਂ ਵੀ ਬਿਹਤਰ ਹਨ। ਉਨ੍ਹਾਂ ਕਿਹਾ ਕਿ ਐਗਜ?ਿਟ ਪੋਲ ਨੂੰ ਸਭ ਤੋਂ ਪਹਿਲਾਂ ਉਹਨਾਂ ਨੇ ਹੀ ਰੱਦ ਕੀਤਾ ਸੀ ਅਤੇ ਮੰਗਲਵਾਰ ਸਵੇਰੇ ਗਿਣਤੀ ਵਾਲੇ ਦਿਨ, ਜਦੋਂ ਭਾਜਪਾ ਦੇ ਖ?ਿਲਾਫ ਰੁਝਾਨ ਆ ਰਹੇ ਸਨ, ਤਾਂ ਵੀ ਉਹ ਆਪਣੇ ਬਿਆਨ 'ਤੇ ਅੜੇ ਰਹੇ ਕਿ ਸਿਰਫ ਭਾਜਪਾ ਦੀ ਹੀ ਸਰਕਾਰ ਬਣੇਗੀ। ਕਾਂਗਰਸ ਵੱਲੋਂ ਈਵੀਐਮ 'ਤੇ ਸਵਾਲ ਉਠਾਉਣ ਦੇ ਸਵਾਲ ਦੇ ਜਵਾਬ 'ਚ ਸ੍ਰੀ ਵਿਜ ਨੇ ਕਿਹਾ ਕਿ ਕਾਂਗਰਸ ਨੂੰ ਜੰਮੂ-ਕਸਮੀਰ ਦੀਆਂ ਚੋਣਾਂ ਵਿਰੁੱਧ ਚੋਣ ਕਮਿਸਨ ਕੋਲ ਵੀ ਪਹੁੰਚ ਕਰਨੀ ਚਾਹੀਦੀ ਹੈ। ਉਨ੍ਹਾਂ ਵਿਅੰਗ ਕਰਦਿਆਂ ਕਿਹਾ ਕਿ ਹੁਣ ਤਾਂ ਸਕੂਲੀ ਬੱਚੇ ਵੀ ਜਾਣਦੇ ਹਨ ਕਿ ਕਾਂਗਰਸ ਜਦੋਂ ਹਾਰਦੀ ਹੈ ਤਾਂ ਰੋਂਦੀ ਹੈ। ਆਮ ਆਦਮੀ ਪਾਰਟੀ ਦੇ ਪ੍ਰਦਰਸ਼ਨ ਨੂੰ ਲੈ ਕੇ ਉਹਨਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਨਾਂ ਹੁਣ ਜਮਾਨਤ ਜਾਬਤਾ ਪਾਰਟੀ ਹੋਣਾ ਚਾਹੀਦਾ ਹੈ। ਜਨਨਾਇਕ ਜਨਤਾ ਪਾਰਟੀ ਵੱਲੋਂ ਆਪਣਾ ਖਾਤਾ ਨਾ ਖੋਲ੍ਹਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਇਸ ਨੂੰ ਆਪੋ ਆਪਣੇ ਕੰਮਾਂ ਅਨੁਸਾਰ ਭਰਨਾ ਪੈਂਦਾ ਹੈ।

# ਹਰਿਆਣਾ 'ਚ ਕਾਂਗਰਸ ਦੀ ਹਾਰ ਦਾ ਅਸਰ, ਦਿੱਲੀ 'ਚ ਇਕੱਲਿਆਂ ਚੋਣ ਲੜੇਗੀ: ਆਪ

ਏਜੰਸੀਆਂ

ਨੈਸਨਲ ਡੈਸਕ 9 ਅਕਤੂਬਰ। ਦਿੱਲੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ (ਆਪ) ਨੇ ਸੂਬੇ 'ਚ ਇਕੱਲਿਆਂ ਹੀ ਚੋਣ ਲੜਨ ਦਾ ਐਲਾਨ ਕੀਤਾ ਹੈ। ਪਾਰਟੀ ਬੁਲਾਰੇ ਪ੍ਰਿਅੰਕਾ ਕੱਕੜ ਨੇ ਇਸ ਗੱਲ ਦੀ ਪੁਸਟੀ ਕੀਤੀ ਹੈ। ਪ੍ਰਿਅੰਕਾ ਕੱਕੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਿੱਲੀ 'ਚ ਆਪਣੇ 10 ਸਾਲਾਂ ਦੇ ਸਾਸਨ ਦੌਰਾਨ ਕੀਤੇ ਕੰਮਾਂ ਦੇ ਆਧਾਰ 'ਤੇ ਚੋਣਾਂ ਲੜੇਗੀ। ਪਾਰਟੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਹੋਏ ਵਿਕਾਸ ਕਾਰਜਾਂ ਦਾ ਹਵਾਲਾ ਦਿੰਦੇ ਹੋਏ ਚੋਣ ਮੈਦਾਨ ਵਿੱਚ ਉਤਰੇਗੀ। ਕੱਕੜ ਨੇ ਕਾਂਗਰਸ ਨੂੰ 'ਅਤਿ ਆਤਮਵਿਸਵਾਸ' ਅਤੇ ਭਾਜਪਾ ਨੂੰ 'ਹੰਕਾਰੀ' ਦੱਸਿਆ। ਉਨ੍ਹਾਂ ਦਾ ਕਹਿਣਾ ਹੈ ਕਿ 'ਆਪ' ਆਪਣੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਲੋਕਾਂ ਵਿੱਚ ਜਾਵੇਗੀ, ਜਦੋਂਕਿ ਬਾਕੀ ਪਾਰਟੀਆਂ ਦੀ ਸਥਿਤੀ ਕਮਜੋਰ ਹੈ। 'ਆਪ' ਦੇ ਇਸ ਬਿਆਨ ਤੋਂ ਪਤਾ ਲੱਗਦਾ ਹੈ ਕਿ ਉਹ ਦਿੱਲੀ 'ਚ ਕਿਸੇ ਵੀ ਤਰ੍ਹਾਂ ਦੇ ਗਠਜੋੜ ਦੀ ਸੰਭਾਵਨਾ ਨੂੰ ਖਤਮ ਕਰਨਾ ਚਾਹੁੰਦੀ ਹੈ। ਹਰਿਆਣਾ ਚੋਣਾਂ ਦੌਰਾਨ 'ਆਪ' ਅਤੇ ਕਾਂਗਰਸ ਨੇ ਵੱਖ-ਵੱਖ ਚੋਣਾਂ ਲੜੀਆਂ




ਸਨ, ਜਿਸ ਕਾਰਨ ਦੋਵਾਂ ਨੂੰ ਨੁਕਸਾਨ ਉਠਾਉਣਾ ਪਿਆ ਸੀ। ਚੋਣਾਂ ਤੋਂ ਪਹਿਲਾਂ ਦੋਵਾਂ ਪਾਰਟੀਆਂ ਵਿਚਾਲੇ ਗਠਜੋੜ ਨੂੰ ਲੈ ਕੇ ਗੱਲਬਾਤ ਚੱਲ ਰਹੀ ਸੀ ਪਰ ਇਹ ਸਫਲ ਨਹੀਂ ਹੋ ਸਕੀ। 'ਆਪ' ਨੇ 7-10 ਸੀਟਾਂ 'ਤੇ ਚੋਣ ਲੜਨ ਦੀ ਇੱਛਾ ਜਾਹਰ ਕੀਤੀ ਪਰ ਕਾਂਗਰਸ ਇੰਨੀਆਂ ਸੀਟਾਂ ਦੇਣ ਲਈ ਰਾਜੀ ਨਹੀਂ ਹੋਈ। ਸੂਬਾ ਕਾਂਗਰਸ ਇਕਾਈ ਗਠਜੋੜ ਦੇ ਖ?ਿਲਾਫ ਸੀ, ਜਿਸ ਕਾਰਨ ਗੱਲਬਾਤ ਅਸਫਲ ਰਹੀ। ਦਿੱਲੀ ਵਿੱਚ ਜਲਦੀ ਹੀ ਚੋਣਾਂ ਹੋਣ ਜਾ ਰਹੀਆਂ ਹਨ। 'ਆਪ' ਪਿਛਲੇ 10 ਸਾਲਾਂ ਤੋਂ ਕੇਂਦਰ ਸਾਸਤ ਪ੍ਰਦੇਸ 'ਤੇ ਰਾਜ ਕਰ ਰਹੀ ਹੈ। ਅਰਵਿੰਦ ਕੇਜਰੀਵਾਲ ਸਮੇਤ ਪਾਰਟੀ ਦੇ ਸਾਰੇ ਪ੍ਰਮੁੱਖ ਨੇਤਾ ਸਰਾਬ ਘੁਟਾਲੇ 'ਚ ਜਮਾਨਤ 'ਤੇ ਬਾਹਰ ਆ ਚੁੱਕੇ ਹਨ। ਕੇਜਰੀਵਾਲ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਪਾਰਟੀ ਨੂੰ ਪੂਰਾ ਸਮਾਂ ਦੇਣ ਦਾ ਫੈਸਲਾ ਕੀਤਾ ਹੈ। ਕਾਂਗਰਸ ਵੱਲੋਂ ਹਰਿਆਣਾ ਵਿੱਚ ਗਠਜੋੜ ਕਰਨ ਤੋਂ ਇਨਕਾਰ ਕਰਨ ਤੋਂ ਪਾਰਟੀ ਨਾਰਾਜ ਹੈ। ਦੋਵੇਂ ਪਾਰਟੀਆਂ ਨੇ ਮਿਲ ਕੇ ਲੋਕ ਸਭਾ ਚੋਣਾਂ ਲੜੀਆਂ ਸਨ ਪਰ ਭਾਜਪਾ ਨੇ ਸੂਬੇ ਦੀਆਂ ਸਾਰੀਆਂ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। 'ਆਪ' ਹੁਣ ਬਿਨਾਂ ਕਿਸੇ ਗਠਜੋੜ ਦੇ ਦਿੱਲੀ ਵਿਧਾਨ ਸਭਾ ਚੋਣਾਂ ਜਿੱਤਣ ਦੀ ਉਮੀਦ ਕਰ ਰਹੀ ਹੈ।

# ਹਰਿਆਣਾ ਦੇ ਚੋਣ ਨਤੀਜਿਆਂ 'ਤੇ ਰਾਹੁਲ ਗਾਂਧੀ ਦਾ ਪਹਿਲਾ ਬਿਆਨ ਆਇਆ ਸਾਹਮਣੇ

ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 9 ਅਕਤੂਬਰ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੂੰ ਉਮੀਦ ਤੋਂ ਪਰ੍ਹੇ ਦੱਸਦੇ ਹੋਏ ਬੁੱਧਵਾਰ ਨੂੰ ਕਿਹਾ ਕਿ ਕਈ ਵਿਧਾਨ ਸਭਾ ਖੇਤਰਾਂ ਤੋਂ ਆ ਰਹੀਆਂ ਸ਼ਿਕਾਇਤਾਂ ਤੋਂ ਚੋਣ ਕਮਿਸ਼ਨ ਨੂੰ ਜਾਣੂ ਕਰਵਾਇਆ ਜਾਵੇਗਾ। ਕਾਂਗਰਸ ਆਗੂ ਨੇ ਇਹ ਵੀ ਕਿਹਾ ਕਿ ਜੰਮੂ ਕਸ਼ਮੀਰ 'ਚ 'ਇੰਡੀਆ ਗਠਜੋੜ' ਦੀ ਜਿੱਤ ਸੰਵਿਧਾਨ ਅਤੇ ਲੋਕਤੰਤਰੀ ਸਵੈ-ਮਾਣ ਦੀ ਜਿੱਤ ਹੈ। ਰਾਹੁਲ ਨੇ 'ਐਕਸ' 'ਤੇ ਪੋਸਟ ਕੀਤਾ,"ਜੰਮੂ ਕਸ਼ਮੀਰ ਦੇ ਲੋਕਾਂ ਦਾ ਦਿਲੋਂ ਧੰਨਵਾਦ! ਪ੍ਰਦੇਸ਼ 'ਚ ਇੰਡੀਆ ਗਠਜੋੜ ਦੀ ਜਿੱਤ ਸੰਵਿਧਾਨ ਦੀ ਜਿੱਤ ਹੈ, ਲੋਕਤੰਤਰੀ ਸਵੈ-ਮਾਣ ਦੀ ਜਿੱਤ ਹੈ!" ਜੰਮੂ ਕਸ਼ਮੀਰ 'ਚ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਗਠਜੋੜ 90 ਮੈਂਬਰੀ ਵਿਧਾਨ ਸਭਾ ਚੋਣਾਂ 'ਚ 48 ਸੀਟਾਂ ਨਾਲ ਸਰਕਾਰ ਬਣਾਉਣ ਲਈ ਤਿਆਰ ਹੈ। ਰਾਹੁਲ ਨੇ ਕਿਹਾ,"ਅਸੀਂ ਹਰਿਆਣਾ ਦੇ ਉਮੀਦ ਤੋਂ ਪਰ੍ਹੇ ਨਤੀਜਿਆਂ ਦਾ ਵਿਸ਼ਲੇਸ਼ਣ ਕਰ ਰਹੇ ਹਾਂ। ਕਈ



ਵਿਧਾਨ ਸਭਾ ਖੇਤਰਾਂ ਤੋਂ ਆ ਰਹੀਆਂ ਸ਼ਿਕਾਇਤਾਂ ਤੋਂ ਚੋਣ ਕਮਿਸ਼ਨ ਨੂੰ ਜਾਣੂ ਕਰਵਾਵਾਂਗੇ।" ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਕਿਹਾ,"ਸਾਰੇ ਹਰਿਆਣਾਵਾਸੀਆਂ ਨੂੰ ਉਨ੍ਹਾਂ ਦੇ ਸਮਰਥਨ ਅਤੇ ਸਾਡੇ ਬੱਬਰ ਸ਼ੇਰ ਵਰਕਰਾਂ ਨੂੰ ਉਨ੍ਹਾਂ ਦੀ ਮਿਹਨਤ ਲਈ ਦਿਲੋਂ ਧੰਨਵਾਦ।" ਉਨ੍ਹਾਂ ਕਿਹਾ ਕਿ ਹੱਕ, ਸਮਾਜਿਕ ਅਤੇ ਆਰਥਿਕ ਨਿਆਂ ਦਾ, ਸੱਚਾਈ ਦਾ ਇਹ ਸੰਘਰਸ਼ ਜਾਰੀ ਰੱਖਿਆ ਜਾਵੇਗਾ ਅਤੇ ਲੋਕਾਂ ਦੀ ਆਵਾਜ ਬੁਲੰਦ ਕਰਨਾ ਜਾਰੀ ਰਹੇਗਾ। ਜੂਨ 'ਚ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਹਰਿਆਣਾ 'ਚ ਭਾਜਪਾ ਅਤੇ ਕਾਂਗਰਸ ਵਿਚਾਲੇ ਹੋਈ ਪਹਿਲੀ ਵੱਡੀ ਸਿੱਧੀ ਲੜਾਈ 'ਚ ਸੱਤਾਧਾਰੀ ਭਾਜਪਾ ਨੇ 90 ਮੈਂਬਰੀ ਵਿਧਾਨ ਸਭਾ ਲਈ ਹੋਈਆਂ ਚੋਣਾਂ 'ਚ 48 ਸੀਟਾਂ 'ਤੇ ਜਿੱਤ ਦਰਜ ਕੀਤੀ, ਜਦੋਂ ਕਿ 2019 'ਚ ਉਸ ਨੂੰ 41 ਸੀਟਾਂ ਮਿਲੀਆਂ ਸਨ। ਕਾਂਗਰਸ ਨੂੰ 37 ਸੀਟਾਂ 'ਤੇ ਸੰਤੋਸ਼ ਕਰਨਾ ਪਿਆ।

## ਨੇਤਾ ਤਜਿੰਦਰ ਬੱਗਾ ਨੂੰ ਮਾਰਨ ਦੀ ਧਮਕੀ

ਐਂਟਰਟੇਨਮੈਂਟ ਡੈਸਕ 9 ਅਕਤੂਬਰ। ਸਲਮਾਨ ਖਾਨ ਦਾ ਰਿਐਲਟੀ ਸ਼ੋਅ 'ਬਿੱਗ ਬੌਸ 18' ਇਕ ਵਾਰ ਫਿਰ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਤਿਆਰ ਹੈ। ਸ਼ੋਅ ਦੀ ਧਮਾਕੇਦਾਰ ਸ਼ੁਰੂਆਤ ਹੋ ਚੁੱਕੀ ਹੈ। ਸਲਮਾਨ ਖਾਨ ਨੇ ਸਾਰੇ ਮੁਕਾਬਲੇਬਾਜਾਂ ਦਾ ਸਵੈਗ ਨਾਲ ਸਵਾਗਤ ਕੀਤਾ। ਸ਼ੋਅ ਨੂੰ ਸ਼ੁਰੂ ਹੋਏ ਇਕ ਹਫਤਾ ਵੀ ਨਹੀਂ ਹੋਇਆ ਤੇ ਦੋ ਮੁਕਾਬਲੇਬਾਜਾਂ 'ਚ ਜੁਬਾਨੀ ਜੰਗ ਸ਼ੁਰੂ ਹੋ ਗਈ। 'ਬਿੱਗ ਬੌਸ' ਸ਼ੋਅ ਡਰਾਮੇ, ਮੁਕਾਬਲੇਬਾਜਾਂ ਨੇ ਆਪਸੀ ਝਗੜੇ ਤੇ ਇਕ ਦੂਸਰੇ ਨੂੰ ਦਿੱਤੀਆਂ ਜਾਣ ਵਾਲੀਆਂ ਧਮਕੀਆਂ ਕਰਕੇ ਲੰਮੇ ਸਮੇਂ ਤਕ ਸੁਰਖੀਆਂ 'ਚ ਹੈ। ਇਸ ਦੇ ਨਾਲ ਹੀ 'ਬਿੱਗ ਬੌਸ 18' ਦੇ ਪਹਿਲੇ ਦਿਨ ਦੀ ਝਲਕ ਦੇਖਣ ਨੂੰ ਮਿਲੀ। ਇੱਥੋਂ 2 ਤਗੜੇ ਮੁਕਾਬਲੇਬਾਜ ਤਜਿੰਦਰ ਪਾਲ ਸਿੰਘ ਬੱਗਾ ਤੇ ਰਜਤ ਦਲਾਲ ਵਿਚਕਾਰ ਜਬਰਦਸਤ ਲੜਾਈ ਹੁੰਦੀ ਦੇਖਣ ਨੂੰ ਮਿਲੀ। ਦੋਵਾਂ 'ਚ ਜੁਬਾਨੀ ਜੰਗ ਇੰਨੀ ਵਧ ਗਈ ਕਿ ਰਜਤ ਨੇ ਤਜਿੰਦਰ ਨੂੰ ਮਾਰਨ ਦੀ ਧਮਕੀ ਤਕ ਦੇ ਦਿੱਤੀ। 'ਬਿੱਗ ਬੌਸ 18' ਦਾ ਪ੍ਰੋਮੋ ਸਾਹਮਣੇ ਆਇਆ ਹੈ। ਇਸ 'ਚ ਤਜਿੰਦਰ ਤੇ ਰਜਤ ਇਕ ਦੂਸਰੇ ਨਾਲ ਗੱਲ ਕਰਦੇ ਹੋਏ ਦੇਖੇ ਜਾ ਸਕਦੇ ਹਨ । ਦੋਵਾਂ 'ਚ ਪੁਰਾਣੀ ਬਾਈਕ ਨੂੰ ਲੈ ਕੇ ਬਹਿਸ ਛਿੜ ਗਈ। ਦਰਅਸਲ ਕੁਝ ਸਮੇਂ ਪਹਿਲਾਂ ਰਜਤ ਦੀ ਇਕ ਵੀਡੀਓ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ, ਜਿਸ 'ਚ ਦੇਖਿਆ ਗਿਆ ਕਿ ਉਸ ਤੋਂ ਗੱਡੀ ਨਾਲ ਇਕ ਬਾਈਕ ਨੂੰ ਟੱਕਰ ਲਗ ਗਈ ਤੇ ਬਾਈਕ ਵਾਲੇ ਦਾ ਹਾਲਚਾਲ ਪੁੱਛਣ ਦੀ ਬਜਾਏ ਰਜਤ ਉੱਥੋਂ ਭੱਜ ਆਇਆ। ਇਸ ਮਾਮਲੇ 'ਤੇ ਦੋਵਾਂ ਵਿਚਕਾਰ ਬਹਿਸ ਛਿੜ ਗਈ। ਤਜਿੰਦਰ ਨੇ ਰਜਤ 'ਤੇ ਬਾਈਕ ਵਾਲੇ ਨੂੰ ਠੋਕਣ ਦਾ ਦੋਸ਼ ਲਗਾਇਆ ਫਿਰ ਰਜਤ ਨੇ ਕਿਹਾ ਕਿ ਪੂਰੇ ਭਾਰਤ ਨੇ ਉਹ ਵੀਡੀਓ ਦੇਖੀ ਹੈ ਕਿ ਤੁਸੀਂ ਬਾਈਕ ਵਾਲੇ ਨੂੰ ਡਿੱਗਦੇ ਦੇਖਿਆ। ਇਸ ਜਵਾਬ 'ਚ ਤਜਿੰਦਰ ਨੇ ਕਿਹਾ, ਹਾਂ ਮੈਂ ਦੇਖਿਆ। ਤਜਿੰਦਰ ਦੀ ਗੱਲ ਸੁਣਦੇ ਹੀ ਰਜਤ ਦਾ ਪਾਰਾ ਹਾਈ ਹੋ ਗਿਆ। ਰਜਤ ਨੇ ਕਿਹਾ,"ਹਿਸਾਬ ਨਾਲ ਗੱਲ ਕਰੋ, ਦੋ ਮਿੰਟ 'ਚ ਭੂਤ ਬਣਾ ਦੇਵਾਂਗਾ। ਇਹ ਗੇਟ ਨਾ ਹੁੰਦਾ ਤਾਂ ਇਸ ਤਰ੍ਹਾਂ ਕਰ ਦਿੰਦਾ।

# ਆਰਜੀ ਕਰ ਮੈਡੀਕਲ ਕਾਲਜ ਦੇ 45 ਤੋਂ ਵੱਧ ਸੀਨੀਅਰ ਡਾਕਟਰਾਂ ਨੇ ਦਿੱਤਾ ਅਸਤੀਫਾ

ਤੇਜਿੰਦਰ ਕੌਰ ਬੱਬਰ

ਕੋਲਕਾਤਾ 9 ਅਕਤੂਬਰ। ਆਰਜੀ ਕਰ ਮੈਡੀਕਲ ਕਾਲਜ ਦੇ 45 ਤੋਂ ਵੱਧ ਸੀਨੀਅਰ ਡਾਕਟਰਾਂ ਸਮੇਤ ਕਈ ਸਟਾਫ ਮੈਂਬਰਾਂ ਨੇ ਜੂਨੀਅਰ ਡਾਕਟਰ ਦੇ ਸਮਰਥਨ ਵਿੱਚ ਅਸਤੀਫਾ ਦੇ ਦਿੱਤਾ। ਦਰਅਸਲ, ਅਗਸਤ ਵਿੱਚ ਇੱਕ ਸਿਖਿਆਰਥੀ ਮਹਿਲਾ ਡਾਕਟਰ ਦਾ ਹਸਪਤਾਲ ਦੇ ਅਹਾਤੇ ਵਿੱਚ ਬਲਾਤਕਾਰ ਕਰਕੇ ਕਤਲ ਕਰ ਦਿੱਤਾ ਗਿਆ ਸੀ। ਜਿਸ ਤੋਂ ਬਾਅਦ ਜੂਨੀਅਰ ਡਾਕਟਰ ਲਗਾਤਾਰ ਵਿਰੋਧ ਪ੍ਰਦਰਸਨ ਕਰ ਰਹੇ ਹਨ। ਆਪਣੇ ਅਸਤੀਫੇ ਸੌਂਪਦੇ ਹੋਏ ਡਾਕਟਰਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਜੂਨੀਅਰ ਸਾਥੀਆਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆਂ ਅਤੇ ਸਿਖਿਆਰਥੀ ਡਾਕਟਰ ਨਾਲ ਬਲਾਤਕਾਰ ਅਤੇ ਕਤਲ ਦੀ ਜਾਂਚ ਵਿੱਚ "ਕੋਈ ਪ੍ਰਗਤੀ" ਨਹੀਂ ਹੋਈ ਹੈ। ਉਨ੍ਹਾਂ ਆਰਜੀ ਕਾਰ ਹਸਪਤਾਲ ਦੇ ਪ੍ਰਸਾਸਨ ਨੂੰ ਵੀ ਪ੍ਰਦਰਸਨਕਾਰੀ ਡਾਕਟਰਾਂ ਨਾਲ 'ਸਮਝੌਤਾ' ਕਰਨ ਦੀ ਅਪੀਲ ਕੀਤੀ, ਜੋ ਸਿਖਿਆਰਥੀ ਡਾਕਟਰ ਲਈ ਇਨਸਾਫ ਦੀ ਮੰਗ ਨੂੰ ਲੈ ਕੇ 'ਮਰਨ ਵਰਤ' 'ਤੇ ਬੈਠੇ ਹਨ। ਆਰਜੀ ਕਰ ਹਸਪਤਾਲ ਪ੍ਰਸਾਸਨ ਨੂੰ ਲਿਖੇ ਪੱਤਰ ਵਿੱਚ ਡਾਕਟਰਾਂ ਨੇ ਕਿਹਾ, "ਭੁੱਖ ਹੜਤਾਲ 'ਤੇ ਬੈਠੇ ਪ੍ਰਦਰਸਨਕਾਰੀ ਡਾਕਟਰਾਂ ਦੀ ਹਾਲਤ ਵਿਗੜਦੀ ਜਾ ਰਹੀ ਹੈ। ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ




ਪ੍ਰਦਰਸਨਕਾਰੀ ਡਾਕਟਰਾਂ ਅਤੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ 'ਤੇ ਬੈਠੇ ਡਾਕਟਰਾਂ ਨਾਲ ਸਮਝੌਤਾ ਕੀਤਾ ਜਾਵੇ।" ਸੀਨੀਅਰ ਡਾਕਟਰਾਂ ਨੇ ਇੱਕ ਬਿਆਨ ਵਿੱਚ ਕਿਹਾ, "ਅਸੀਂ ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਸੀਨੀਅਰ ਡਾਕਟਰ ਆਪਣਾ ਸਮੂਹਿਕ ਅਸਤੀਫਾ ਦੇ ਰਹੇ ਹਾਂ, ਕਿਉਂਕਿ ਸਰਕਾਰ ਭੁੱਖ ਹੜਤਾਲ 'ਤੇ ਬੈਠੇ ਡਾਕਟਰਾਂ ਦੀ ਵਿਗੜਦੀ ਸਥਿਤੀ ਤੋਂ ਅਣਜਾਣ ਹੈ ਅਤੇ ਜੇਕਰ ਸਥਿਤੀ ਦੀ ਮੰਗ ਹੋਈ ਤਾਂ ਅਸੀਂ ਵਿਅਕਤੀਗਤ ਤੌਰ 'ਤੇ ਵੀ ਅਸਤੀਫਾ ਦੇਵਾਂਗੇ।" ਇਸ ਦੌਰਾਨ ਡਾਕਟਰਾਂ ਦੇ ਇੱਕ ਹੋਰ ਸੰਗਠਨ, ਡਾਕਟਰਾਂ ਦੇ ਜੁਆਇੰਟ ਪਲੇਟਫਾਰਮ (ਜੇਪੀਡੀ), ਨੇ ਵੀ ਆਪਣੇ ਜੂਨੀਅਰ ਸਾਥੀਆਂ ਦੇ ਸਮਰਥਨ ਵਿੱਚ ਇੱਕ ਬਿਆਨ ਜਾਰੀ ਕੀਤਾ। ਜੇਪੀਡੀ ਦੇ ਸੰਯੁਕਤ ਕਨਵੀਨਰ ਡਾ: ਪੁਣਯਬ੍ਰਤ ਗੁਣਾ ਅਤੇ ਹੀਰਾਲਾਲ ਕੋਨਾਰ ਨੇ ਇੱਕ ਬਿਆਨ ਵਿੱਚ ਕਿਹਾ, "ਸਰਕਾਰੀ ਸੇਵਾ ਵਿੱਚ ਬਹੁਤ ਸਾਰੇ ਫੈਕਲਟੀ ਮੈਂਬਰਾਂ/ਸੀਨੀਅਰ ਡਾਕਟਰਾਂ ਨੇ ਕੈਂਪਸ ਜਮਹੂਰੀਅਤ ਅਤੇ ਮਰੀਜ ਪੱਖੀ ਪ੍ਰਣਾਲੀ ਦੇ ਨਾਂ 'ਤੇ 'ਜਸਟਿਸ ਫਾਰ ਅਭਯਾ' ਅਤੇ ਭ੍ਰਿਸਟਾਚਾਰ ਸਿੰਡੀਕੇਟ ਦੇ ਵਿਰੁੱਧ ਚੱਲ ਰਹੇ ਅੰਦੋਲਨ ਵਿੱਚ ਸਮੂਹਿਕ ਅਸਤੀਫੇ ਦੇਣ ਦੀ ਇੱਛਾ ਜਾਹਰ ਕੀਤੀ ਹੈ।

## ਕਮਿਊਨਿਸਟ ਸਰਕਾਰ ਦੀ 75ਵੀਂ ਵਰ੍ਹੇਗੰਢ 'ਤੇ ਰਾਸ਼ਟਰਪਤੀ ਮੁਰਮੂ ਦੀਆਂ ਵਧਾਈਆਂ 'ਮਹੱਤਵਪੂਰਨ' : ਚੀਨ

ਬੀਜਿੰਗ 9 ਅਕਤੂਬਰ। ਚੀਨ ਨੇ ਕਿਹਾ ਕਿ ਉਹ ਕਮਿਊਨਿਸਟ ਚੀਨ (ਪੀਆਰਸੀ) ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ 'ਤੇ ਭਾਰਤੀ ਰਾਸਟਰਪਤੀ ਦ੍ਰੋਪਦੀ ਮੁਰਮੂ ਦੁਆਰਾ ਆਪਣੇ ਚੀਨੀ ਹਮਰੁਤਬਾ ਸੀ ਜਿਨਪਿੰਗ ਨੂੰ ਲਿਖੇ ਪੱਤਰ ਨੂੰ 'ਮਹੱਤਵਪੂਰਨ' ਮੰਨਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਚੀਨ ਦੁਵੱਲੇ ਸਬੰਧਾਂ ਦੇ ਮਜਬੂਤ ਅਤੇ ਸਥਿਰ ਵਿਕਾਸ ਨੂੰ ਸਾਂਝੇ ਤੌਰ 'ਤੇ ਉਤਸਾਹਿਤ ਕਰਨ ਲਈ ਤਿਆਰ ਹੈ। ਰਾਸਟਰਪਤੀ ਮੁਰਮੂ ਨੇ 27 ਸਤੰਬਰ ਨੂੰ ਕਮਿਊਨਿਸਟ ਚੀਨ ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ 'ਤੇ ਸੀ ਨੂੰ ਲਿਖੇ ਪੱਤਰ 'ਚ ਕਿਹਾ ਕਿ ਇਹ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਦੋਵਾਂ ਦੇਸਾਂ ਵਿਚਾਲੇ ਸਾਂਤੀਪੂਰਨ ਅਤੇ ਸਥਿਰ ਸਬੰਧਾਂ ਲਈ ਕੰਮ ਕਰੀਏ। ਬੁਲਾਰਨ ਮਾਓ ਨਿੰਗ ਨੇ ਕਿਹਾ ਕਿ ਚੀਨ-ਭਾਰਤ ਸਬੰਧਾਂ 'ਤੇ ਰਾਸਟਰਪਤੀ ਮੁਰਮੂ ਦੀ ਟਿੱਪਣੀ ਨੂੰ ਚੀਨ ਮਹੱਤਵ ਦਿੰਦਾ ਹੈ। ਉਨ੍ਹਾਂ ਨੇ ਪੱਤਰਕਾਰਾਂ ਦੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਅਸੀਂ ਰਾਸਟਰਪਤੀ ਮੁਰਮੂ ਦੇ ਪੱਤਰ ਦੀ ਸਲਾਘਾ ਕਰਦੇ ਹਾਂ। ਮਾਓ ਨੇ ਕਿਹਾ ਕਿ ਅਸੀਂ ਭਾਰਤ ਨਾਲ ਸੰਚਾਰ ਵਧਾਉਣ, ਆਪਸੀ ਵਿਸਵਾਸ ਨੂੰ ਵਧਾਉਣ ਅਤੇ ਚੀਨ-ਭਾਰਤ ਸਬੰਧਾਂ ਦੇ ਮਜਬੂਤ ਅਤੇ ਸਥਿਰ ਵਿਕਾਸ ਨੂੰ ਸਾਂਝੇ ਤੌਰ 'ਤੇ ਉਤਸਾਹਿਤ ਕਰਨ ਲਈ ਤਿਆਰ ਹਾਂ। ਪੂਰਬੀ ਲੱਦਾਖ 'ਚ ਚੱਲ ਰਹੇ ਫੌਜੀ ਅੜਿੱਕੇ ਨੂੰ ਸੁਲਝਾਉਣ ਲਈ ਚਾਰ ਸਾਲਾਂ ਤੋਂ ਗੱਲਬਾਤ 'ਚ ਪ੍ਰਗਤੀ ਬਾਰੇ ਪੁੱਛੇ ਜਾਣ 'ਤੇ ਮਾਓ ਨੇ ਕਿਹਾ ਕਿ ਚੀਨ ਅਤੇ ਭਾਰਤ ਕੂਟਨੀਤਕ ਅਤੇ ਫੌਜੀ ਮਾਧਿਅਮਾਂ ਰਾਹੀਂ ਸਰਹੱਦੀ ਖੇਤਰਾਂ ਨਾਲ ਜੁੜੇ ਮੁੱਦਿਆਂ 'ਤੇ ਨਜਦੀਕੀ ਗੱਲਬਾਤ ਨੂੰ ਬਰਕਰਾਰ ਰੱਖਦੇ ਹਨ ਤੇ ਦੋਵਾਂ ਦੇਸਾਂ ਨੇ ਗਲਵਾਨ ਘਾਟੀ ਸਮੇਤ





ਪੱਛਮੀ ਸੈਕਟਰ ਦੇ ਚੀਨ-ਭਾਰਤ ਸਰਹੱਦ ਦੇ ਚਾਰ ਖੇਤਰਾਂ ਤੋਂ ਫੌਜਾਂ ਨੂੰ ਵਾਪਸ ਬੁਲਾ ਲਿਆ ਹੈ। ਭਾਰਤ-ਚੀਨ ਸਰਹੱਦ ਸਮੁੱਚੇ ਤੌਰ 'ਤੇ ਸਥਿਰ ਹੈ। ਵਿਦੇਸ਼ ਮੰਤਰਾਲਾ ਦੀ ਬੁਲਾਰਨ ਨੇ ਕਿਹਾ ਕਿ ਚੀਨ-ਭਾਰਤ ਸਰਹੱਦੀ ਮਾਮਲਿਆਂ 'ਤੇ ਸਲਾਹ-ਮਸਵਰੇ ਅਤੇ ਤਾਲਮੇਲ ਲਈ ਕਾਰਜ ਪ੍ਰਣਾਲੀ (ਡਬਲਯੂਐੱਮਸੀਸੀ) ਦੀ ਹਾਲ ਹੀ ਵਿੱਚ ਹੋਈ 31ਵੀਂ ਮੀਟਿੰਗ ਵਿੱਚ, ਦੋਵਾਂ ਧਿਰਾਂ ਨੇ ਮਤਭੇਦਾਂ ਨੂੰ ਹੋਰ ਘਟਾਇਆ, ਸਾਂਝੀ ਸਮਝ ਨੂੰ ਵਧਾਇਆ ਅਤੇ ਸਰਹੱਦੀ ਸਥਿਤੀ ਦਾ ਛੇਤੀ ਹੱਲ ਲੱਭਣ ਦਾ ਸੰਕਲਪ ਲਿਆ।

# ਸਿਵਲ ਹਸਪਤਾਲ ਦੀ ਐਮਰਜੈਂਸੀ ਦੇ ਬਾਹਰ ਸਟਰੇਚਰ ’ਤੇ ਗਰਭਵਤੀ ਨੇ ਬੱਚੇ ਨੂੰ ਦਿੱਤਾ ਜਨਮ

ਅੰਮ੍ਰਿਤਸਰ 9 ਅਕਤੂਬਰ। ਜਿ਼ਲ੍ਹਾ ਪੱਧਰੀ ਸਿਵਲ ਹਸਪਤਾਲ ਦੀ ਐਮਰਜੈਂਸੀ ਦੇ ਬਾਹਰ ਸਟਰੇਚਰ ’ਤੇ ਇਕ ਗਰਭਵਤੀ ਵੱਲੋਂ ਬੱਚੇ ਨੂੰ ਜਨਮ ਦੇਣ ਦਾ ਮਾਮਲਾ ਸਾਹਮਣੇ ਆਇਆ। ਹਸਪਤਾਲ ਪ੍ਰਸਾਸਨ ਦੀ ਮੁਸਤੈਦੀ ਨਾਲ ਜੱਚਾ-ਬੱਚਾ ਨੂੰ ਮੌਕੇ ’ਤੇ ਸਾਂਭ-ਸੰਭਾਲ ਕਰਦਿਆਂ ਉਨ੍ਹਾਂ ਦੀਆਂ ਕੀਮਤੀ ਜਾਨਾਂ ਬਚਾ ਲਈਆਂ ਗਈਆਂ ਹਨ। ਹਸਪਤਾਲ ਦੇ ਕੁਸਲ ਪ੍ਰਬੰਧਕ ਇੰਚਾਰਜ ਡਾਕਟਰ ਸਵਰਨਜੀਤ ਧਵਨ ਵੱਲੋਂ ਜੱਚਾ-ਬੱਚਾ ਦੀ ਨਿਗਰਾਨੀ 24 ਘੰਟੇ ਲਈ ਟੀਮਾਂ ਦਾ ਗਠਨ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਕ੍ਰਾਂਤੀ (22) ਨਾਮਕ ਗਰਭਵਤੀ ਨੂੰ ਅਚਾਨਕ ਜਣੇਪੇ ਦੀਆਂ ਦਰਦਾਂ ਹੋਣ ਕਾਰਨ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਜਿ਼ਲ੍ਹਾ ਪੱਧਰੀ ਸਿਵਲ ਹਸਪਤਾਲ ਦੀ ਐਮਰਜੈਂਸੀ ਵਿਚ ਲਿਆਂਦਾ ਜਾ ਰਿਹਾ ਸੀ ਤਾਂ ਐਮਰਜੈਂਸੀ ਦੇ ਬਾਹਰ ਸਟਰੇਚਰ ’ਤੇ ਗਰਭਵਤੀ ਨੇ ਬੱਚੀ ਨੂੰ ਜਨਮ ਦੇ ਦਿੱਤਾ। ਹਸਪਤਾਲ ਦੇ ਇੰਚਾਰਜ ਡਾ. ਸਵਰਨਜੀਤ ਧਵਨ ਨੂੰ ਜਦੋਂ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਮੌਕੇ ’ਤੇ ਗਾਇਨੀ ਵਿਭਾਗ ਵਿਚ ਤਾਇਨਾਤ ਡਾ. ਚਿੰਕੀ ਦੀ ਨਿਗਰਾਨੀ ਹੇਠ ਵਿਸੇਸ ਟੀਮ ਦਾ ਗਠਨ ਕਰਦਿਆਂ ਜੱਚਾ-ਬੱਚਾ ਨੂੰ ਸੁਰੱਖਿਅਤ ਕਰਨ ਦੇ ਹੁਕਮ ਜਾਰੀ ਕੀਤੇ। ਦੂਸਰੇ ਪਾਸੇ ਡਾ. ਧਵਨ ਨੇ ਦੱਸਿਆ ਕਿ ਜੱਚਾ-ਬੱਚਾ ਦੋਨੋਂ ਸੁਰੱਖਿਆ ਹਨ। ਵਿਭਾਗ ਦੀਆਂ ਟੀਮਾਂ ਲਗਾਤਾਰ ਜੱਚਾ-ਬੱਚਾ ਦਾ ਧਿਆਨ ਰੱਖ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਮਰੀਜ



ਪਿਛਲੇ 9 ਮਹੀਨਿਆਂ ਤੋਂ ਘਰ ਵਿਚ ਹੀ ਰਹਿ ਕੇ ਆਪਣਾ ਇਲਾਜ ਕਰਵਾ ਰਹੀ ਸੀ। ਜਿ਼ਲ੍ਹਾ ਪੱਧਰੀ ਸਿਵਲ ਹਸਪਤਾਲ ਵਿਚ ਅਚਾਨਕ ਜਣੇਪੇ ਦੀਆਂ ਦਰਦਾਂ ਹੋਣ ’ਤੇ ਪੁੱਜੀ ਸੀ ਪਰ ਹਸਪਤਾਲ ਪ੍ਰਸਾਸਨ ਨੇ ਮੌਕੇ ’ਤੇ ਹੀ ਸਾਂਭ-ਸੰਭਾਲ ਕਰ ਕੇ ਜੱਚਾ-ਬੱਚਾ ਨੂੰ ਸੁਰੱਖਿਅਤ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਗਾਇਨੀ ਵਿਭਾਗ ਦੀ ਡਾ. ਚਿੰਕੀ ਅਤੇ ਬੱਚਾ ਵਿਭਾਗ ਦੇ ਡਾਕਟਰ ਦੋਨਾਂ ਦੀ ਦੇਖਰੇਖ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਕ੍ਰਾਂਤੀ ਦੇ ਘਰ ਇਕ ਬੱਚਾ ਹੈ। ਹਸਪਤਾਲ ਦੇ ਇੰਚਾਰਜ ਡਾ. ਸਵਰਨਜੀਤ ਧਵਨ ਨੇ ਕਿਹਾ ਕਿ ਸਿਵਲ ਹਸਪਤਾਲ ਮਰੀਜਾਂ ਨੂੰ 24 ਘੰਟੇ ਵਧੀਆ ਸਿਹਤ ਸੇਵਾਵਾਂ ਦੇਣ ਵਿਚ ਨਵੇਂ ਕੀਰਤੀਮਾਨ ਸਥਾਪਿਤ ਕਰ ਰਿਹਾ ਹੈ। ਹਸਪਤਾਲ ਪ੍ਰਸਾਸਨ ਦਾ ਮੁੱਢਲਾ ਫਰਜ ਹੁੰਦਾ ਹੈ ਕਿ ਮਰੀਜ ਨੂੰ ਵਧੀਆ ਅਤੇ ਮੁਫਤ ਸੇਵਾਵਾਂ ਦਾ ਲਾਭ ਦਿੱਤਾ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਮਹਿਲਾ ਗਰਭ ਧਾਰਨ ਕਰਦੀ ਹੈ ਤਾਂ ਸਰਕਾਰੀ ਹਸਪਤਾਲਾਂ ਵਿਚ ਸਥਿਤ ਗਾਇਨੀ ਵਿਭਾਗ ਦੇ ਡਾਕਟਰਾਂ ਤੋਂ ਉਸ ਦਾ ਸਮੇਂ-ਸਮੇਂ ’ਤੇ ਚੈਕਅੱਪ ਕਰਵਾਉਦੇ ਰਹਿਣਾ ਚਾਹੀਦਾ ਹੈ ਤਾਂ ਜੋ ਚੈੱਕਅੱਪ ਕਰ ਰਹੇ ਡਾਕਟਰ ਨੂੰ ਆਪਣੇ ਮਰੀਜ ਦੇ ਸਮੇਂ-ਸਮੇਂ ਦੇ ਹਾਲਾਤ ਸਬੰਧੀ ਜਾਣਕਾਰੀ ਹੋਵੇ। ਹਸਪਤਾਲ ਦੇ ਇੰਚਾਰਜ ਡਾ. ਸਵਰਨਜੀਤ ਧਵਨ ਨੇ ਦੱਸਿਆ ਕਿ ਮਹਾਮਾਈ ਦੇ ਨਰਾਤੇ ਸੁਰੂ ਹੋਏ ਹਨ ਅਤੇ ਪਹਿਲੇ ਦਿਨ ਛੋਟੀ ਕੰਜਕ ਨੇ ਹਸਪਤਾਲ ਵਿਚ ਆਪਣੇ ਕਦਮ ਪਾਏ ਹਨ। ਹਸਪਤਾਲ ਪ੍ਰਸਾਸਨ ਹਮੇਸਾ ਹੀ ਜੱਚਾ- ਬੱਚਾ ਨੂੰ ਵਧੀਆ ਸੇਵਾਵਾਂ ਦੇਣ ਲਈ ਕੰਮ ਕਰਦਾ ਰਿਹਾ ਹੈ ਅਤੇ ਖਾਸ ਤੌਰ ’ਤੇ ਕੰਜਕਾ ਦਾ ਅਖਿਰ ਦੇ ਨਰਾਤੇ ਦੌਰਾਨ ਪੂਜਨ ਕੀਤਾ ਜਾਂਦਾ ਹੈ। ਦੂਸਰੇ ਪਾਸੇ ਜੱਚਾ-ਬੱਚਾ ਸੁਰੱਖਿਅਤ ਕਰਨ ਦੇ ਮਾਮਲੇ ਨੂੰ ਲੈ ਕੇ ਹਸਪਤਾਲ ਦੇ ਕਾਰਜਾਂ ਦੀ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ।

## ਨਸ਼ਾ ਕਰਨ ਤੋਂ ਰੋਕਦਾ ਸੀ ਪਿਓ, ਗੁੱਸੇ ‘ਚ ਕਪੁੱਤ ਹੋਏ ਪੁੱਤ ਨੇ ਦਾਤਰ ਮਾਰ ਕੇ ਬਾਪ ਨੂੰ ਉਤਾਰਿਆ ਮੌਤ ਦੇ ਘਾਟ

ਜ਼ੀਰਾ 9 ਅਕਤੂਬਰ। ਜ਼ੀਰਾ ਤੋਂ ਇਕ ਬੇਹੱਦ ਮੰਦਭਾਗੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਇਕ ਪੁੱਤਰ ਨੇ ਪਿਓ ਨੂੰ ਦਾਤਰ ਨਾਲ ਹਮਲਾ ਕਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਮਾਮਲੇ ‘ਚ ਥਾਣਾ ਸਿਟੀ ਜ਼ੀਰਾ ਪੁਲਸ ਨੇ ਇਕ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੂੰ ਦਿੱਤੇ ਬਿਆਨਾਂ ’ਚ ਮਨਬੀਰ ਕੌਰ ਪਤਨੀ ਰਸ਼ਪਾਲ ਸਿੰਘ ਵਾਸੀ ਮੁਹੱਲਾਂ ਮੱਲੀਆਂ ਵਾਲਾ ਜ਼ੀਰਾ ਨੇ ਦੱਸਿਆ ਕਿ ਮੁਲਜਮ ਪ੍ਰਭਜੀਤ ਸਿੰਘ ਪੁੱਤਰ




ਰਸ਼ਪਾਲ ਸਿੰਘ ਵਾਸੀ ਮੁਹੱਲਾ ਮੱਲੀਆਂ ਜ਼ੀਰਾ ਨਸ਼ਾ ਕਰ ਕੇ ਲੜਾਈ-ਝਗੜਾ ਕਰਦਾ ਸੀ ਤੇ ਮੁਲਜਮ ਦਾ ਪਿਤਾ ਰਸ਼ਪਾਲ ਸਿੰਘ (48) ਪੁੱਤਰ ਸੁਖਵਿੰਦਰ ਸਿੰਘ ਨੂੰ ਨਸ਼ਾ ਕਰਨ ਤੋਂ ਰੋਕਦਾ ਸੀ। ਇਸੇ ਰੰਜ਼ਿਸ਼ ਕਰ ਕੇ ਮੁਲਜਮ ਨੇ ਆਪਣੇ ਪਿਤਾ ਰਸ਼ਪਾਲ ਸਿੰਘ ਦੇ ਦਾਤਰ ਨਾਲ ਸੱਟਾਂ ਮਾਰੀਆਂ। ਰਸ਼ਪਾਲ ਸਿੰਘ ਨੂੰ ਇਲਾਜ ਲਈ ਸਿਵਲ ਹਸਪਤਾਲ ਜ਼ੀਰਾ ਵਿਖੇ ਦਾਖਲ ਕਰਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸਾਹਿਬ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਉਕਤ ਮੁਲਜਮ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਪੰਜਾਬ ‘ਚ ਪੀ. ਆਰ. ਟੀ. ਸੀ. ਦੀ ਬੱਸ ਨਾਲ ਵਾਪਰਿਆ ਵੱਡਾ ਹਾਦਸਾ, ਨੌਜਵਾਨ ਦੀ ਮੌਤ

ਭਵਾਨੀਗੜ੍ਹ 9 ਅਕਤੂਬਰ। ਇਥੇ ਬਠਿੰਡਾ-ਜੀਰਕਪੁਰ ਨੈਸਨਲ ਹਾਈਵੇਅ ’ਤੇ ਹਨੀ ਢਾਬੇ ਨੇੜੇ ਬੀਤੀ ਦੇਰ ਰਾਤ ਪਟਿਆਲਾ ਤੋਂ ਬਠਿੰਡਾ ਜਾ ਰਹੀ ਪੀ. ਆਰ. ਟੀ. ਸੀ. ਦੀ ਇਕ ਏ. ਸੀ. ਬੱਸ ਪਲਟ ਗਈ ਸੀ, ਜਿਸ ਕਾਰਨ ਬੱਸ ’ਚ ਸਵਾਰ ਦੋ ਦਰਜਨ ਦੇ ਕਰੀਬ ਯਾਤਰੀ ਗੰਭੀਰ ਜਖਮੀ ਹੋ ਗਏ। ਇਸ ਹਾਦਸੇ ‘ਚ ਜਖਮੀ ਹੋਏ ਨੌਜਵਾਨ ਰਜਿੰਦਰ ਕੁਮਾਰ ਦੀ ਮੌਤ ਹੋ ਗਈ ਹੈ। ਨੌਜਵਾਨ ਦੀ ਮੌਤ ਤੋਂ ਬਾਅਦ ਪਰਿਵਾਰ ਵਿਚ ਕੋਹਰਾਮ ਮਚ ਗਿਆ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਨੌਜਵਾਨ ਹੀ ਘਰ ਵਿਚ ਕਮਾਉਣ ਵਾਲਾ ਇਕੱਲਾ ਮੈਂਬਰ ਸੀ। ਪਤਾ ਲੱਗਾ ਹੈ ਕਿ ਪਹਿਲਾਂ 2011 ਵਿਚ ਮ੍ਰਿਤਕ ਨੌਜਵਾਨ ਰਜਿੰਦਰ ਕੁਮਾਰ ਦੇ ਪਿਤਾ ਦੀ ਮੌਤ ਹੋ ਗਈ ਸੀ ਅਤੇ 3 ਮਹੀਨੇ ਪਹਿਲਾਂ ਮਾਂ ਦਾ ਵੀ ਦੇਹਾਂਤ ਹੋ ਗਿਆ।




ਇਸ ਮਗਰੋਂ ਤਰਸ ਦੇ ਅਧਾਰ ‘ਤੇ ਪਿਤਾ ਦੀ ਜਲ ਵਿਭਾਗ ਦੀ ਸਰਕਾਰੀ ਨੌਕਰੀ ਰਜਿੰਦਰ ਨੂੰ ਮਿਲੀ ਸੀ ਰਜਿੰਦਰ ਦੀ ਮੌਤ ਤੋਂ ਬਾਅਦ ਘਰ ਵਿਚ ਹੁਣ ਕੋਈ ਵੀ ਕਮਾਉਣ ਵਾਲਾ ਨਹੀਂ ਰਿਹਾ। ਭਰਾ ਦੀ ਮੌਤ ਤੋਂ ਬਾਅਦ ਭੈਣ ਦੇ ਵੈਣ ਦੇਖੇ ਨਹੀਂ ਸੀ ਜਾ ਰਹੇ। ਪਰਿਵਾਰ ਅਤੇ ਪਿੰਡ ਨਿਵਾਸੀਆਂ ਨੇ ਸਰਕਾਰ ਤੋਂ ਮਦਦ ਦੀ ਅਪੀਲ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਜਿਸ ਪਿੰਡ ਵਿਚ ਇਹ ਬੱਸ ਹਾਦਸਾ ਹੋਇਆ ਹੈ, ਮ੍ਰਿਤਕ ਰਜਿੰਦਰ ਉਸੇ ਪਿੰਡ ਬਾਲਦ ਕਲਾਂ ਦਾ ਰਹਿਣ ਵਾਲਾ ਸੀ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਸਥਾਨਕ ਪੁਲਸ ਦੇ ਸਹਾਇਕ ਸਬ-ਇੰਸਪੈਕਟਰ ਸੁਖਪਾਲ ਸਿੰਘ ਨੇ ਦੱਸਿਆ ਕਿ ਜਦੋਂ ਇਹ ਬੱਸ ਭਵਾਨੀਗੜ੍ਹ ਤੋਂ ਥੋੜਾ ਪਿੱਛੇ ਹਨੀ ਢਾਬੇ ਨੇੜੇ ਪਹੁੰਚੀ ਤਾਂ ਬੱਸ ਅੱਗੇ ਅਚਾਨਕ ਇਕ ਕੈਂਟਰ ਆ ਜਾਣ ਕਾਰਨ ਇਸ ਦਾ ਸੰਤੁਲਨ ਵਿਗੜ ਗਿਆ ਤੇ ਇਹ ਬੱਸ ਖੇਤਾਂ ’ਚ ਪਲਟ ਗਈ।

# ਨੌਜਵਾਨਾਂ ’ਚ ਖੁਦਕੁਸੀ ਦਾ ਮੁੱਖ ਕਾਰਨ ਪਰਿਵਾਰਕ ਮੈਂਬਰਾਂ ਵੱਲੋਂ ਬੱਚਿਆਂ ਨੂੰ ਸਮਾਂ ਨਾ ਦੇਣਾ

ਦੋਰਾਂਗਲਾ 9 ਅਕਤੂਬਰ। ਅਜੋਕੇ ਸਮੇਂ ’ਚ ਨੌਜਵਾਨ ਪੀੜ੍ਹੀ ਅਕਸਰ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਨਿਰਾਸ ਅਤੇ ਚਿੰਤਤ ਰਹਿੰਦੀ ਹੈ, ਅਜਿਹੇ ’ਚ ਜੇਕਰ ਉਨ੍ਹਾਂ ਦੇ ਪਰਿਵਾਰ ਉਨ੍ਹਾਂ ਦੇ ਬੱਚਿਆਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਉਨ੍ਹਾਂ ਨਾਲ ਦੋਸਤ ਦੀ ਤਰ੍ਹਾਂ ਪੇਸ ਆਉਣ ਅਤੇ ਉਨ੍ਹਾਂ ਦੇ ਹਰ ਕਦਮ ’ਤੇ ਦਾ ਸਾਥ ਦੇਣ, ਉਹ ਇਸ ਸਮੱਸਿਆ ਤੋਂ ਬਾਹਰ ਆ ਸਕਦਾ ਹੈ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਕਪਿਲ ਮਹਾਜਨ ਜਿ਼ਲ੍ਹਾ ਮੀਤ ਪ੍ਰਧਾਨ ਕਾਂਗਰਸ ਕਮੇਟੀ, ਅਜੇ ਮਹਾਜਨ ਚੇਅਰਮੈਨ ਅਜੇ ਟੀ. ਵੀ. ਸੈਂਟਰ ਗੁਰਦਾਸਪੁਰ, ਡਾ. ਪਵਨ ਕੁਮਾਰ ਮਹਾਜਨ ਭੱਲਾ ਡੈਂਟਲ ਹਸਪਤਾਲ ਗੁਰਦਾਸਪੁਰ, ਸਿ਼ਵਾ ਰਾਈਸ ਮਿੱਲ ਗੰਜੀ ਦੋਰਾਂਗਲਾ ਦੇ ਐੱਮ. ਡੀ. ਮੰਗਤ ਦੀਵਾਨ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਅਕਸਰ ਦੇਖਿਆ ਗਿਆ ਹੈ ਕਿ ਬੱਚੇ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਆਪਣਾ ਦੁੱਖ-ਸੁੱਖ ਸਾਂਝਾ ਕਰਨ ਦੀ ਕੋਸਿ਼ਸ ਵੀ ਕਰਦੇ ਹਨ ਪਰ ਜਦੋਂ ਉਹ ਆਪਣਾ ਦੁੱਖ ਸੁਣਨ ਲਈ ਕਿਸੇ ਨੂੰ ਸਾਹਮਣੇ ਨਹੀਂ ਦੇਖਦੇ ਤਾਂ ਉਹ ਡਿਪਰੈਸਨ ਦਾ ਸਿ਼ਕਾਰ



ਹੋ ਜਾਂਦੇ ਹਨ ਕੁਝ ਅਜਿਹੇ ਹੁੰਦੇ ਹਨ ਜੋ ਦੋ ਮਿੰਟ ਦਾ ਗੁੱਸਾ ਵੀ ਬਰਦਾਸਤ ਨਹੀਂ ਕਰ ਪਾਉਂਦੇ ਅਤੇ ਖੁਦਕੁਸੀ ਨੂੰ ਸਹੀ ਰਾਹ ਸਮਝਦੇ ਹਨ ਅਤੇ ਅਜਿਹੀ ਸਥਿਤੀ ’ਚ ਬੱਚੇ ਦੇ ਪਰਿਵਾਰ ਕੋਲ ਪਛਤਾਵੇ ਤੋਂ ਇਲਾਵਾ ਕੁਝ ਨਹੀਂ ਬਚਦਾ। ਉਨ੍ਹਾਂ ਕਿਹਾ ਕਿ ਪਰਿਵਾਰ ਲਈ ਬਿਹਤਰ ਹੈ ਕਿ ਉਹ ਆਪਣੇ ਬੱਚਿਆਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਉਨ੍ਹਾਂ ਦੀ ਹਰ ਗੱਲ ਨੂੰ ਦੋਸਤ ਦੀ ਤਰ੍ਹਾਂ ਸੁਣਨ ਅਤੇ ਉਨ੍ਹਾਂ ਨਾਲ ਉਮਰ ਭਰ ਪਛਤਾਉਣ ਦੀ ਬਜਾਏ ਉਨ੍ਹਾਂ ਨਾਲ ਸਾਂਝੀਆਂ ਕਰਨ। ਇਸ ਨਾਲ ਬੱਚੇ ਦਾ ਆਤਮ-ਵਿਸਵਾਸ ਮਜਬੂਤ ਹੋਵੇਗਾ ਅਤੇ ਉਹ ਅਜਿਹੀਆਂ ਘਟਨਾਵਾਂ ਦਾ ਸਿ਼ਕਾਰ ਹੋਣ ਤੋਂ ਬਚ ਸਕੇਗਾ। ਉਨ੍ਹਾਂ ਕਿਹਾ ਕਿ ਕੁਝ ਪਲਾਂ ਦਾ ਗੁੱਸਾ ਸਾਰੀ ਜਿ਼ਦਗੀ ਦੇ ਪਛਤਾਵੇ ’ਚ ਬਦਲ ਸਕਦਾ ਹੈ ਅਤੇ ਜੇਕਰ ਇਸ ਗੁੱਸੇ ਤੋਂ ਬਚਿਆ ਜਾਵੇ ਤਾਂ ਗਲਤੀਆਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਸਮੂਹ ਪਰਿਵਾਰਕ ਮੈਂਬਰਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਦੋਸਤ ਸਮਝ ਕੇ ਉਨ੍ਹਾਂ ਦੀ ਗੱਲ ਸੁਣਨ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਆਪਣੇ ਨਿੱਜੀ ਕੰਮਾਂ ਵਿੱਚ ਰੁੱਝ ਕੇ ਆਪਣੇ ਬੱਚਿਆਂ ਤੋਂ ਦੂਰੀ ਨਾ ਬਣਾਓ, ਇਸ ਦੇ ਨਤੀਜੇ ਗੰਭੀਰ ਹੋ ਸਕਦੇ ਹਨ।

## ਕੰਮ ਕਰਨ ਬਦਲੇ ਪਟਵਾਰੀ ਮੰਗ ਰਿਹਾ ਸੀ ਰਿਸ਼ਵਤ, 5 ਹਜਾਰ ਲੈਂਦਾ ਵਿਜੀਲੈਂਸ ਬਿਊਰੋ ਨੇ ਰੰਗੇ ਹੱਥੀਂ ਕੀਤਾ ਕਾਬੂ

ਮੂਨਕ 9 ਅਕਤੂਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ’ਚ ਭ੍ਰਿਸਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਜਿ਼ਲ੍ਹਾ ਸੰਗਰੂਰ ਦੇ ਮੂਨਕ ਵਿਖੇ ਤਾਇਨਾਤ ਮਾਲ ਪਟਵਾਰੀ ਅਮਰੀਕ ਸਿੰਘ ਨੂੰ 5,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ-ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮਾਲ ਪਟਵਾਰੀ ਨੂੰ ਸੰਗਰੂਰ ਜਿ਼ਲ੍ਹੇ ਦੇ ਪਿੰਡ ਬੱਲਰਾਂ ਦੇ ਵਸਨੀਕ ਵਕੀਲ ਸਿੰਘ ਵੱਲੋਂ ਦਰਜ ਕਰਵਾਈ ਸਿ਼ਕਾਇਤ ਦੇ ਆਧਾਰ ’ਤੇ ਕਾਬੂ ਕੀਤਾ ਗਿਆ



ਹੈ। ਉਨ੍ਹਾਂ ਦੱਸਿਆ ਕਿ ਸਿ਼ਕਾਇਤਕਰਤਾ ਨੇ ਆਪਣੀ ਜਮੀਨ ਦੀ ਇੰਤਕਾਲ ਦੀ ਦਰਖਾਸਤ ਦਿੱਤੀ ਸੀ ਪਰ ਉਕਤ ਪਟਵਾਰੀ ਉਸ ਤੋਂ ਕੰਮ ਕਰਨ ਬਦਲੇ 15,000 ਰੁਪਏ ਦੀ ਰਿਸਵਤ ਮੰਗ ਰਿਹਾ ਸੀ ਅਤੇ ਸੌਦਾ 10,000 ਰੁਪਏ ’ਚ ਤੈਅ ਹੋ ਗਿਆ। ਸਿ਼ਕਾਇਤਕਰਤਾ ਨੇ ਦੋਸ ਲਾਇਆ ਕਿ ਕਥਿਤ ਮੁਲਜ਼ਮ ਪਹਿਲਾਂ ਹੀ 5,000 ਰੁਪਏ ਲੈ ਚੁੱਕਾ ਹੈ ਅਤੇ ਰਿਸਵਤ ਦੇ ਬਾਕੀ ਪੈਸੇ ਮੰਗ ਰਿਹਾ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸਿ਼ਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ’ਚ ਸਿ਼ਕਾਇਤਕਰਤਾ ਤੋਂ 5,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ-ਹੱਥੀਂ ਕਾਬੂ ਕਰ ਲਿਆ ਗਿਆ। ਇਸ ਸਬੰਧੀ ਮੁਲਜਮ ਖਿਲਾਫ ਵਿਜੀਲੈਂਸ ਬਿਊਰੋ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ।

## ਪੰਜਾਬ ‘ਚ ਖਤਰੇ ਘੰਟੀ, ਤੇਜੀ ਨਾਲ ਫੈਲ ਰਹੀ ਇਸ ਬਿਮਾਰੀ ਤੋਂ ਸਾਵਧਾਨ

ਜਲੰਧਰ 9 ਅਕਤੂਬਰ। ਪੰਜਾਬ ਦੇ ਕਈ ਸ਼ਹਿਰਾਂ ਵਿਚ ਡੇਂਗੂ ਲਗਾਤਾਰ ਪੈਰ ਪਸਾਰ ਰਿਹਾ ਹੈ, ਹਾਲਾਂਕਿ ਬੀਤੇ ਸਾਲਾਂ ਦੇ ਮੁਕਾਬਲੇ ਸਿਹਤ ਵਿਭਾਗ ਦੇ ਯਤਨਾ ਸਦਕਾ ਡੇਂਗੂ ਘੱਟ ਭਾਰੂ ਰਿਹਾ ਪਰ ਇਸ ਦੇ ਬਾਵਜੂਦ ਪੰਜਾਬ ਦੇ ਕਈ ਇਲਾਕੇ ਇਸ ਦੀ ਲਪੇਟ ਵਿਚ ਹਨ। ਦੂਜੇ ਪਾਸੇ ਜਲੰਧਰ ਵਿਚ ਸਿਹਤ ਵਿਭਾਗ ਵੱਲੋਂ ਸੋਮਵਾਰ ਨੂੰ ਡੇਂਗੂ ਦੇ ਸ਼ੱਕੀ ਜਿਹੜੇ 25 ਮਰੀਜਾਂ ਦੇ ਟੈਸਟ ਕੀਤੇ ਗਏ, ਉਨ੍ਹਾਂ ਵਿਚੋਂ 7 ਦੀ ਰਿਪੋਰਟ ਪਾਜੇਟਿਵ ਆਈ। ਜਿ਼ਲ੍ਹਾ ਐਪੀਡੀਮਾਇਲੋਜਿਸਟ ਡਾ. ਸ਼ੋਭਨਾ ਬਾਂਸਲ ਨੇ ਦੱਸਿਆ ਕਿ ਡੇਂਗੂ ਪਾਜੇਟਿਵ ਆਉਣ ਵਾਲੇ 7 ਮਰੀਜਾਂ ਵਿਚੋਂ 3 ਮਰੀਜ ਜਿ਼ਲ੍ਹੇ ਦੇ ਰਹਿਣ ਵਾਲੇ ਹਨ, ਜਦਕਿ 4 ਮਰੀਜ ਹੋਰਨਾਂ ਜਿ਼ਲਿਆਂ ਨਾਲ ਸਬੰਧਤ ਹਨ। ਉਨ੍ਹਾਂ ਦੱਸਿਆ ਕਿ ਜਿ਼ਲ੍ਹੇ ਦੇ ਡੇਂਗੂ ਪਾਜੇਟਿਵ ਆਉਣ ਵਾਲਾ 44 ਸਾਲਾ ਮਰਦ ਮਾਨ ਸਿੰਘ ਨਗਰ, 26 ਸਾਲਾ ਮਰਦ ਗੁਰੂ ਅਮਰ ਦਾਸ ਨਗਰ ਅਤੇ 28 ਸਾਲਾ ਔਰਤ ਰਿਸ਼ੀ ਨਗਰ ਦੀ ਰਹਿਣ ਵਾਲੀ ਹੈ। ਜਿ਼ਲ੍ਹੇ ਵਿਚ ਡੇਂਗੂ ਪਾਜੇਟਿਵ ਆਉਣ ਵਾਲੇ ਮਰੀਜਾਂ ਦੀ ਗਿਣਤੀ 61 ’ਤੇ ਪਹੁੰਚ ਗਈ ਹੈ। ਡਾ. ਸ਼ੋਭਨਾ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਐਂਟੀ ਲਾਰਵਾ ਟੀਮਾਂ ਨੇ ਸੋਮਵਾਰ ਨੂੰ ਜਿ਼ਲ੍ਹੇ ਦੇ 3273 ਘਰਾਂ ਵਿਚ ਸਰਵੇ ਕੀਤਾ ਅਤੇ ਉਨ੍ਹਾਂ ਨੂੰ ਸ਼ਹਿਰੀ ਇਲਾਕਿਆਂ ਵਿਚ 10 ਅਤੇ ਦਿਹਾਤੀ ਇਲਾਕਿਆਂ ਵਿਚ 4 ਸਥਾਨਾਂ ’ਤੇ ਡੇਂਗੂ ਬੁਖਾਰ ਫੈਲਾਉਣ ਵਾਲੇ ਮੱਛਰਾਂ ਦਾ ਲਾਰਵਾ ਮਿਲਿਆ।

# ਬਜੁਰਗ ਔਰਤ ਦੇ ਕਤਲਕਾਂਡ ‘ਚ ਹੋਏ ਵੱਡੇ ਖੁਲਾਸੇ

ਖੰਨਾ 9 ਅਕਤੂਬਰ। ਖੰਨਾ ਦੇ ਉੱਚਾ ਵੇਹੜਾ ਇਲਾਕੇ ‘ਚ ਬਜੁਰਗ ਔਰਤ ਕਮਲੇਸ ਰਾਣੀ (65) ਦੀ ਬੇਰਹਿਮੀ ਨਾਲ ਹੱਤਿਆ ਕਰਨ ਦੇ ਮਾਮਲੇ ‘ਚ ਪੁਲਸ ਜਾਂਚ ਅਤੇ ਡਾਕਟਰਾਂ ਦੀ ਰਿਪੋਰਟ ‘ਚ ਹੈਰਾਨ ਕਰਨ ਵਾਲੇ ਖੁਲਾਸੇ ਹੋਏ ਹਨ। ਦੋਸੀ ਔਰਤ ਸਾਨ ਅੱਬਾਸ (35) ਵਾਸੀ ਧੋਬੀਆਂ ਵਾਲਾ ਮੁਹੱਲਾ ਖੰਨਾ ਨੇ ਬਜੁਰਗ ਔਰਤ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਦੋਸੀ ਔਰਤ ਨੇ ਬਜੁਰਗ ਦੀ ਛਾਤੀ ‘ਤੇ ਬੈਠ ਕੇ ਇਕ ਤੋਂ ਬਾਅਦ ਇਕ 18 ਤੋਂ 20 ਵਾਰ ਚਾਕੂ ਮਾਰ ਕੇ ਕਤਲ ਕੀਤਾ। ਚਾਕੂ ਨਾਲ ਕੀਤੇ ਹਮਲੇ ਵਿਚ ਕਮਲੇਸ਼ ਦੀ ਗਰਦਨ ‘ਤੇ 10 ਵਾਰ ਕੀਤੇ ਗਏ, ਉਸ ਦੇ ਚਿਹਰੇ, ਛਾਤੀ ਅਤੇ ਦੋਵੇਂ ਹੱਥਾਂ ‘ਤੇ ਸੱਟਾਂ ਦੇ ਨਿਸਾਨ ਪਾਏ ਗਏ ਸਨ। ਬਜੁਰਗ ਔਰਤ ਨੇ ਆਪਣੇ ਆਪ ਨੂੰ ਬਚਾਉਣ ਦੀ ਕਾਫੀ ਕੋਸਿ਼ਸ ਕੀਤੀ, ਜਿਸ ਕਾਰਨ ਉਸ ਦੇ ਹੱਥ ‘ਤੇ ਚਾਕੂ ਵੀ ਲੱਗ ਗਿਆ ਪਰ ਦੋਸੀ ਔਰਤ ਨੇ ਬਜੁਰਗ ਔਰਤ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਸੁੱਕਰਵਾਰ ਨੂੰ ਪੁਲਸ ਨੇ ਦੋਸੀ ਔਰਤ ਨੂੰ ਅਦਾਲਤ ‘ਚ ਪੇਸ ਕੀਤਾ, ਜਿੱਥੇ ਬਦਮਾਸ ਔਰਤ ਨੇ ਖੁਦ ਨੂੰ ਬੇਕਸੂਰ ਦੱਸਿਆ ਅਤੇ ਜੱਜ ਦੇ ਸਾਹਮਣੇ ਦੱਸਿਆ



ਕਿ ਉਸ ਨੇ ਬਜੁਰਗ ਔਰਤ ਦਾ ਕਤਲ ਨਹੀਂ ਕੀਤਾ ਹੈ। ਪਰ ਪੁਲਸ ਨੇ ਜੱਜ ਸਾਹਮਣੇ ਸੀ.ਸੀ.ਟੀ.ਵੀ. ਫੁਟੇਜ ਅਤੇ ਕਤਲ ਨਾਲ ਸਬੰਧਤ ਕਈ ਤੱਥ ਪੇਸ ਕੀਤੇ। ਜਿਸ ਤੋਂ ਬਾਅਦ ਅਦਾਲਤ ਨੇ ਦੋਸੀ ਔਰਤ ਦਾ ਦੋ ਦਿਨ ਦਾ ਰਿਮਾਂਡ ਦੇ ਦਿੱਤਾ। ਪੁਲਸ ਨੇ ਮ੍ਰਿਤਕ ਕਮਲੇਸ ਰਾਣੀ ਕੋਲੋਂ ਸੋਨੇ ਦੀ ਚੇਨ, ਲਾਕੇਟ, ਸੋਨੇ ਦੀ ਮੁੰਦਰੀ, 2 ਜੋੜੇ ਸੋਨੇ ਦੇ ਟੋਪ ਅਤੇ 2 ਸੋਨੇ ਦੀਆਂ ਚੂੜੀਆਂ ਬਰਾਮਦ ਕੀਤੀਆਂ ਹਨ। ਇਸ ਤੋਂ ਇਲਾਵਾ ਵਾਰਦਾਤ ‘ਚ ਵਰਤਿਆ ਗਿਆ ਚਾਕੂ ਵੀ ਮਿਲਿਆ ਹੈ। ਮਹਿਲਾ ਮੁਲਜਮ ਦਾ ਸੂਟ ਖ਼ੂਨ ਨਾਲ ਲੱਥਪੱਥ ਸੀ, ਜਿਸ ਨੂੰ ਵੀ ਪੁਲਸ ਨੇ ਬਰਾਮਦ ਕਰ ਲਿਆ ਹੈ। ਜਾਂਚ ‘ਚ ਸਾਹਮਣੇ ਆਇਆ ਕਿ ਬਜੁਰਗ ਤੋਂ 5000 ਰੁਪਏ ਨੂੰ ਲੈ ਕੇ ਲੜਾਈ ਹੋਣ ਕਾਰਨ ਦੋਵਾਂ ਔਰਤਾਂ ‘ਚ ਤਕਰਾਰ ਹੋ ਗਈ ਸੀ, ਜਿਸ ਤੋਂ ਬਾਅਦ ਸਾਨ ਅੱਬਾਸ ਨੇ ਚਾਕੂ ਨਾਲ ਵਾਰ ਕਰਕੇ ਕਮਲੇਸ਼ ਰਾਣੀ ਦਾ ਕਤਲ ਕਰ ਦਿੱਤਾ।

## ਪੰਚਾਇਤੀ ਚੋਣਾਂ ਵਿਚਾਲੇ ਸਖਤ ਐਕਸ਼ਨ ! 162 ਮੁਲਾਜਮਾਂ ਨੂੰ ਨੋਟਿਸ ਜਾਰੀ

ਸੰਗਰੂਰ 9 ਅਕਤੂਬਰ। ਜ਼ਿਲ੍ਹਾ ਚੋਣਕਾਰ ਅਫ਼ਸਰ ਸੰਦੀਪ ਰਿਸ਼ੀ ਦੇ ਨਿਰਦੇਸ਼ਾਂ ਹੇਠ ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਸੁਖਚੈਨ ਸਿੰਘ ਪਾਪੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ 5 ਅਕਤੂਬਰ ਨੂੰ ਗ੍ਰਾਮ ਪੰਚਾਇਤ ਚੋਣਾਂ ਸਬੰਧੀ ਹੋਈ ਪਹਿਲੀ ਰਿਹਰਸਲ ਦੌਰਾਨ ਗੈਰ ਹਾਜ਼ਰ ਰਹਿਣ ਵਾਲੇ 162 ਮੁਲਾਜ਼ਮਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਗਿਆ ਹੈ। ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਨੇ ਕਿਹਾ ਕਿ ਇਹ ਇਕ ਗੰਭੀਰ ਮਸਲਾ ਹੈ ਕਿਉਂਕਿ ਚੋਣਾਂ ਸਬੰਧੀ ਡਿਊਟੀ ’ਚ ਅਜਿਹੀ ਲਾਪ੍ਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਡੇਢ ਦਰਜਨ ਤੋਂ ਵਧੇਰੇ ਵਿਭਾਗਾਂ ਨਾਲ ਸਬੰਧਤ ਇਨ੍ਹਾਂ ਗੈਰ ਹਾਜ਼ਰ ਕਰਮਚਾਰੀਆਂ ਨੂੰ ਵਿਭਾਗੀ ਮੁਖੀਆਂ ਰਾਹੀਂ ਨੋਟਿਸ ਭੇਜਿਆ ਗਿਆ ਹੈ। ਜਿਹੜੇ ਮੁਲਾਜ਼ਮ 10 ਅਕਤੂਬਰ ਨੂੰ ਹੋਣ ਵਾਲੀ ਦੂਜੀ ਰਿਹਰਸਲ ਦੌਰਾਨ ਵੀ ਅਜਿਹੀ ਅਣਗਹਿਲੀ ਕਰਨਗੇ ਉਨ੍ਹਾਂ ਖਿ਼ਲਾਫ਼ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤਹਿਤ ਬਣਦੀ ਕਾਰਵਾਈ ਅਮਲ ’ਚ ਲਿਆਂਦੀ ਜਾਵੇਗੀ।

## ਪੰਚਾਇਤੀ ਚੋਣਾਂ ਨੂੰ ਲੈ ਕੇ ਭਿੜੀਆਂ 2 ਧਿਰਾਂ, ਅੱਧੀ ਰਾਤੀਂ ਚੱਲ ਗਈਆਂ ਗੋਲੀਆਂ, 1 ਔਰਤ ਦੀ ਹੋ ਗਈ ਮੌਤ

ਚੋਗਾਵਾਂ 9 ਅਕਤੂਬਰ। ਪੁਲਸ ਥਾਣਾ ਲੋਪੋਕੇ ਅਧੀਨ ਆਉਂਦੇ ਪਿੰਡ ਕਮਾਸਕੇ ਤੋਂ ਇਕ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਪੰਚਾਇਤੀ ਚੋਣਾਂ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਖ਼ੂਨੀ ਝੜਪ ਹੋ ਗਈ। ਇਹ ਝੜਪ ਦੇਖਦੇ ਹੀ ਦੇਖਦੇ ਇੰਨੀ ਵਧ ਗਈ ਕਿ ਇਸ ਦੌਰਾਨ ਗੋਲੀਆਂ ਚੱਲ ਗਈਆਂ। ਅੱਧੀ ਰਾਤੀਂ ਹੋਈ ਇਸ ਤਰਕਾਰ ਤੇ ਗੋਲੀਬਾਰੀ ਕਾਰਨ ਇਕ ਔਰਤ ਦੀ ਮੌਤ ਹੋ ਗਈ, ਜਦਕਿ 2 ਵਿਅਕਤੀਆਂ ਦੇ ਜਖਮੀ ਹੋਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਪੰਚਾਇਤੀ ਚੋਣਾਂ ਦੇ ਨਾਮਜਦਗੀ ਕਾਗਜ ਜਮ੍ਹਾ ਕਰਵਾਉਣ ਸਮੇਂ ਦੋ ਧੜਿਆਂ ਵਿਚਕਾਰ ਤਕਰਾਰ ਹੋਈ ਸੀ, ਜਿਸ ਨੂੰ ਲੈ ਕੇ ਇਕ ਧਿਰ ਵੱਲੋਂ ਰਾਤ ਸਮੇਂ ਦੂਜੀ ਧਿਰ ’ਤੇ ਹਮਲਾ ਕਰ ਕੇ ਗੋਲੀਆਂ ਚਲਾਉਣੀਆਂ ਸੁਰੂ ਕਰ ਦਿੱਤੀਆਂ ਗਈਆਂ। ਇਸ ਦੌਰਾਨ ਕੁਲਦੀਪ ਕੌਰ ਦੇ ਸਿਰ ’ਚ ਸੱਟ ਲੱਗਣ ਕਾਰਨ ਉਸ ਦੀ ਮੌਤ ਹੋ ਗਈ, ਜਦਕਿ ਜਗਰੂਪ ਸਿੰਘ ਤੇ ਗੁਰਪ੍ਰੀਤ ਸਿੰਘ ਗੰਭੀਰ ਜਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ। ਘਟਨਾ ਦੀ ਸੂਚਨਾ ਮਿਲਦਿਆਂ ਪੁਲਸ ਪਾਰਟੀ ਮੌਕੇ ’ਤੇ ਪਹੁੰਚੀ ਅਤੇ ਜਾਂਚ ਪੜਤਾਲ ਸੁਰੂ ਕਰ ਦਿੱਤੀ ਹੈ।


ਦਿੱਲੀ ਸਰਕਾਰ
ਆਪ ਦੀ ਸਰਕਾਰ

ਦਿੱਲੀ ਸਰਕਾਰ
ਆਪ ਦੀ ਸਰਕਾਰ

ਕ੍ਰਿਪਾ ਦਿਧਆਨ ਦਿਓ।

ਮਾਇਆਪੁਰੀ ਫਲਾਈਓਵਰ ’ਤੇ ਲੋਕ ਨਿਰਮਾਣ ਵਿਭਾਗ ਵਲੋਂ ਮੁਰੰਮਤ ਕਾਰਜ ਕੀਤਾ ਜਾਣਾ ਹੈ

ਰਾਜਾ ਗਾਰਡਨ ਤੋਂ ਨਾਰਾਇਣਾ ਵਿਹਾਰ (ਅੱਧਾ ਕੈਰਿਜਵੇ) ਮਿਤੀ 05.10.2024 ਤੋਂ 19.10.2024 ਬੰਦ ਰਹੇਗਾ।

ਯਾਤ੍ਰੀਆਂ ਨੂੰ ਅਸੁਵਿਧਾ ਤੋਂ ਬਚਣ ਦੇ ਲਈ ਵੈਕਲਪਿਕ ਮਾਰਗਾਂ ਦਾ ਉਪਯੋਗ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ

ਰੂਟ ਡਾਯਵਰਜ਼ਨ ਪਲਾਨ (ਫੇਜ-3)




ਮਾਇਆਪੁਰੀ ਫਲਾਈਓਵਰ (ਫੇਜ਼-III)

DIP/Shabdarth/Classified/0172/24-25


## ਨੌਜਵਾਨ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਠੱਗੇ ਲੱਖਾਂ ਦੀ ਠੱਗੀ

ਫਿਰੋਜ਼ਪੁਰ 9 ਅਕਤੂਬਰ। ਫਿਰੋਜ਼ਪੁਰ ’ਚ ਨੌਜਵਾਨ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 2 ਲੱਖ 60 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਤਿੰਨ ਵਿਅਕਤੀਆਂ ਖਿ਼ਲਾਫ 420, 120-ਬੀ ਆਈ. ਪੀ. ਸੀ. 13 ਪੰਜਾਬ ਟਰੈਵਲ ਪ੍ਰੋਫੈਸ਼ਨਲ ਐਕਟ 2014 ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ




ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਦਰਖਾਸਤ ਨੰਬਰ 208 ਪੀਸੀ ਰਾਹੀਂ ਸਾਗਰ ਪੁੱਤਰ ਸੁਰਜੀਤ ਸਿੰਘ ਵਾਸੀ ਖੂਹ ਚਾਹ ਪਾਰਸੀਆਂ ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਦੋਸ਼ੀਅਨ ਸਤਨਾਮ ਸਿੰਘ, ਛਿੰਦਰਪਾਲ ਸਿੰਘ, ਮਹਿੰਦਰ ਸਿੰਘ ਪੁੱਤਰਾਨ ਬਲਦੇਵ ਸਿੰਘ ਵਾਸੀਅਨ ਪਿੰਡ ਆਰਿਫ ਕੇ ਨੇ ਹਮਮਸ਼ਵਰਾ ਹੋ ਕੇ ਉਸ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 2 ਲੱਖ 60 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਬਾਅਦ ਪੜਤਾਲ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।


**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਸ਼੍ਰੀ ਰਾਮਨੌਮੀ ਕਮੇਟੀ ਵੱਲੋਂ ਸਨਮਾਨ ਸ਼ਲਾਘਾਯੋਗ : ਜਿੰਦਲ

ਲੁਧਿਆਣਾ 9 ਅਕਤੂਬਰ। ਭਗਵਾਨ ਸ਼੍ਰੀ ਰਾਮ ਜੀ ਮਰਿਆਦਾ ਪੁਰਸ਼ੋਤਮ ਉਤਸਵ ਕਮੇਟੀ ਜਲੰਧਰ ਵੱਲੋਂ ਸਾਡੀ ਰਾਮ ਲੀਲਾ ਦੁਸਹਿਰਾ ਕਮੇਟੀ ਸੁਧਾਰ ਨੂੰ ਸ਼੍ਰੀ ਵਿਜੇ ਕੁਮਾਰ ਚੋਪੜਾ ਵੱਲੋਂ ਸਨਮਾਨ ਦੇਣਾ ਸਾਡੀ ਕਮੇਟੀ ਲਈ ਮਾਣ ਵਾਲੀ ਗੱਲ ਹੈ। ਇਹ ਸ਼ਬਦ ਲਾਗਲੇ ਕਸਬੇ ਦੀ ਸ਼੍ਰੀ ਰਾਮ ਲੀਲਾ ਦੁਸਹਿਰਾ ਕਮੇਟੀ ਦੇ ਸਾਬਕਾ ਪ੍ਰਧਾਨ ਸੁਭਾਸ਼ ਜਿੰਦਲ ਨੇ ਅੱਜ 'ਜਗ ਬਾਣੀ' ਨਾਲ ਗੱਲਬਾਤ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਲੰਘੇ ਕੱਲ ਸ਼੍ਰੀ ਚੋਪੜਾ ਜੀ ਨੇ ਉਨ੍ਹਾਂ ਦੀ ਟੀਮ ਨੂੰ ਆਸ਼ੀਰਵਾਦ ਤੇ ਸਨਮਾਨ ਦਿੱਤਾ। ਉਸ ਨਾਲ ਉਨ੍ਹਾਂ ਦੇ ਹੌਸਲੇ ਹੋਰ ਵਧ ਗਏ ਹਨ। ਅੱਜ ਉਨ੍ਹਾਂ ਨਾਲ ਚੇਅਰਮੈਨ ਜੱਗੀ ਅਰੋੜਾ, ਪਲਵਿੰਦਰ ਸਿੰਘ ਸੰਘੇੜਾ, ਪ੍ਰਧਾਨ ਸ਼੍ਰੀ ਰਾਮ ਲੀਲ੍ਹਾ ਦੁਸਹਿਰਾ ਕਮੇਟੀ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਇਸ ਵਾਰ 12 ਅਕਤੂਬਰ ਨੂੰ ਦੁਸਹਿਰਾ ਮਨਾਇਆ ਜਾਵੇਗਾ।



## ਵਿਦੇਸ਼ ਜਾਣ ਦੇ ਚਾਹਵਾਨ, ਵੀਜਾ ਅਪਲਾਈ ਕਰਨ ਤੋਂ ਪਹਿਲਾਂ ਰੱਖਣ ਇਨ੍ਹਾਂ ਗੱਲਾਂ ਦਾ ਧਿਆਨ

ਜਲੰਧਰ 9 ਅਕਤੂਬਰ। ਵਿਦੇਸ਼ ਜਾਣ ਦੇ ਚਾਹਵਾਨ ਹੋ ਤਾਂ ਇਹ ਖਬਰ ਤੁਹਾਡੇ ਲਈ ਹੈ। ਤੁਸੀਂ ਦੇਸ਼ ਤੋਂ ਬਾਹਰ ਕਿਧਰੇ ਵੀ ਜਾਣ ਦੀ ਇੱਛਾ ਰੱਖਦੇ ਹੋ ਤਾਂ ਸਭ ਤੋਂ ਪਹਿਲਾਂ ਤਹਾਨੂੰ ਉਸ ਦੇਸ਼ ਦਾ ਵੀਜਾ ਅਪਲਾਈ ਕਰਨਾ ਪੈਂਦਾ ਹੈ, ਜਿਸ ਦੇਸ਼ ਤੁਸੀਂ ਜਾਣਾ ਚਾਹੁੰਦੇ ਹੋ। ਬਹੁੱਤੇ ਲੋਕਾਂ ਨੂੰ ਵੀਜਾ ਅਪਲਾਈ ਕਰਨ ਦਾ ਸਹੀ ਢੰਗ ਨਾ ਪਤਾ ਹੋਣ ਕਾਰਨ ਏਜੰਟਾਂ ਦੇ ਧੱਕੇ ਖਾਣੇ ਪੈਂਦੇ ਹਨ ਪਰ ਕੀ ਤਹਾਨੂੰ ਪਤਾ ਹੈ ਕਿ ਵੀਜਾ ਅਪਲਾਈ ਕਰਨ ਤੋਂ ਪਹਿਲਾਂ ਵੀ ਕੁਝ ਖਾਸ ਗੱਲਾਂ ਦਾ ਧਿਆਨ ਰੱਖਣਾ ਲਾਜਮੀ ਹੁੰਦਾ ਹੈ, ਤਾਂ ਜੋ ਤੁਹਾਡਾ ਵੀਜਾ ਰਿਫਿਊਜ ਨਾ ਹੋਵੇ, ਸਗੋਂ ਵੀਜਾ ਅਫਸਰ ਤਹਾਨੂੰ ਖੁਸ਼ੀ-ਖੁਸ਼ੀ ਵੀਜਾ ਜਾਰੀ ਕਰ ਦੇਵੇ ਤਾਂ ਆਓ ਤਹਾਨੂੰ ਦੱਸਦੇ ਹਾਂ ਕੁਝ ਅਜਿਹੀਆਂ ਹੀ ਗੱਲਾਂ- ਹਰ ਦੇਸ 'ਚ ਵੀਜਾ ਦੀਆਂ ਵੱਖ-ਵੱਖ ਕਿਸਮਾਂ ਹੁੰਦੀਆਂ ਹਨ, ਜਿਵੇਂ ਕਿ ਸੈਰ-ਸਪਾਟੇ ਦਾ ਵੀਜਾ, ਸਟੂਡੈਂਟ ਵੀਜਾ, ਵਰਕ ਵੀਜਾ, ਬਿਜਨਸ ਵੀਜਾ, ਅਤੇ ਪਰਮਾਨੈਂਟ ਵੀਜਾ। ਇਸ ਲਈ, ਆਪਣੀ ਯਾਤਰਾ ਜਾਂ ਕਾਮਕਾਜ ਦੀ ਜਰੂਰਤ ਦੇ ਅਨੁਸਾਰ ਸਹੀ ਵੀਜਾ ਦੀ ਕਿਸਮ ਦੀ ਪਛਾਣ ਕਰੋ ਅਤੇ ਇਸਦੀ ਯੋਗਤਾ ਜਾਂਚੋ। ਹਰ ਵੀਜਾ ਦੀ ਇੱਕ ਨਿਰਧਾਰਿਤ ਮਿਆਦ ਹੁੰਦੀ ਹੈ ਅਤੇ ਵੱਖ-ਵੱਖ ਸਰਤਾਂ ਹੁੰਦੀਆਂ ਹਨ। ਕੁਝ ਵੀਜੇ ਤਿਆਰੀ ਲਈ ਕੰਮ ਕਰਨ ਦੀ ਆਗਿਆ ਦੇ ਸਕਦੇ ਹਨ, ਜਦਕਿ ਕੁਝ ਸਿਰਫ ਯਾਤਰਾ ਲਈ ਹਨ। ਵੀਜਾ ਦੀ ਮਿਆਦ, ਉਸ ਦੇ ਨਿਯਮ, ਅਤੇ ਸਰਤਾਂ ਦੀ ਪੂਰੀ ਜਾਣਕਾਰੀ ਪ੍ਰਾਪਤ ਕਰੋ। ਕਈ ਦੇਸ ਵੀਜਾ ਦੀ ਅਰਜੀ ਦਾਇਰ ਕਰਨ ਤੋਂ ਪਹਿਲਾਂ ਇਹ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਤੁਸੀਂ ਆਪਣੀ ਯਾਤਰਾ ਜਾਂ ਰਹਿਣ ਦਾ ਖਰਚਾ ਚੁਕਾਉਣ ਲਈ ਕਾਫੀ ਫੰਡ ਰੱਖਦੇ ਹੋ। ਇਸ ਲਈ, ਤੁਹਾਡੇ ਕੋਲ ਫੰਡ ਦਾ ਪਰਮਾਣ ਹੋਣਾ ਚਾਹੀਦਾ ਹੈ, ਜੋ ਤੁਸੀਂ ਬੈਂਕ ਸਟੇਟਮੈਂਟ ਜਾਂ ਹੋਰ ਮਾਲੀ ਦਸਤਾਵੇਜਾਂ ਦੇ ਰੂਪ ਵਿੱਚ ਦਿਖਾ ਸਕਦੇ ਹੋ। ਵੀਜਾ ਅਪਲਾਈ ਕਰਨ ਲਈ ਸਭ ਤੋਂ ਮਹੱਤਵਪੂਰਨ ਕਦਮ ਸਹੀ ਅਤੇ ਪੂਰੀ ਜਾਣਕਾਰੀ ਦੇਣਾ ਹੈ। ਪਾਸਪੋਰਟ, ਫੋਟੋ, ਆਮਦਨੀ ਦਾ ਸਰੋਤ, ਸਿੱਖਿਆ ਨਾਲ ਸਬੰਧਤ ਡਾਕੂਮੈਂਟਸ, ਅਤੇ ਸਿਹਤ ਜਾਂ ਰੋਗ-ਪ੍ਰਤੀਰੋਧਕ ਸਬੰਧੀ ਦਸਤਾਵੇਜਾਂ ਨੂੰ ਅਪਲਾਈ ਕਰਨ ਤੋਂ ਪਹਿਲਾਂ ਪੂਰਾ ਅਤੇ ਸਹੀ ਬਣਾਉਣ ਦੀ ਜਰੂਰਤ ਹੈ। ਕਈ ਦੇਸਾਂ ਵਿੱਚ ਵੀਜਾ ਪ੍ਰਾਪਤ ਕਰਨ ਤੋਂ ਪਹਿਲਾਂ ਤੁਸੀਂ ਮੈਡੀਕਲ ਜਾਂ ਸਿਹਤ ਇੰਸੋਰੈਂਸ ਕਰਾਉਣ ਦੀ ਮੰਗ ਹੁੰਦੀ ਹੈ। ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਸਿਹਤਮੰਦ ਹੋ ਅਤੇ ਯਾਤਰਾ ਕਰਨ ਦੇ ਕਾਬਲ ਹੋ, ਮੈਡੀਕਲ ਟੈਸਟ ਅਤੇ ਇੰਸੋਰੈਂਸ ਦੇ ਪ੍ਰਮਾਣ ਪੱਤਰ ਦਿੱਤੇ ਜਾਣ ਲਾਜਮੀ ਹੁੰਦੇ ਹਨ। ਹਰ ਦੇਸ ਦੀ ਵੀਜਾ ਅਪਲਾਈ ਕਰਨ ਦੀ ਪ੍ਰਕਿਰਿਆ ਵੱਖ-ਵੱਖ ਹੋ ਸਕਦੀ ਹੈ। ਕੁਝ ਦੇਸਾਂ ਵਿੱਚ ਆਨਲਾਈਨ ਅਰਜੀ ਦਿੱਤੀ ਜਾ ਸਕਦੀ ਹੈ, ਜਦਕਿ ਕੁਝ ਦੇਸਾਂ ਵਿੱਚ ਐਂਬੈਸੀ ਜਾਂ ਕੌਂਸਲੇਟ ਦੇ ਜਰੀਏ ਵੀਜਾ ਲਈ ਅਰਜੀ ਦੇਣ ਦੀ ਲੋੜ ਹੁੰਦੀ ਹੈ। ਅਰਜੀ ਦੀਆਂ ਅੰਤਿਮ ਮਿਤੀਆਂ, ਫੀਸ, ਅਤੇ ਪ੍ਰਕਿਰਿਆ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰੋ। ਵੀਜਾ ਦੀ ਪ੍ਰਕਿਰਿਆ ਵਿੱਚ ਕੁਝ ਸਮਾਂ ਲੱਗਦਾ ਹੈ। ਇਸ ਲਈ, ਤੁਸੀਂ ਆਪਣੀ ਯਾਤਰਾ ਤੋਂ ਕਾਫੀ ਪਹਿਲਾਂ ਵੀਜਾ ਲਈ ਅਰਜੀ ਦੇਣ ਦੀ ਯੋਜਨਾ ਬਣਾਉ, ਤਾਂ ਜੋ ਤੁਹਾਨੂੰ ਯਾਤਰਾ ਦੇ ਸਮੇਂ 'ਤੇ ਵੀਜਾ ਪ੍ਰਾਪਤ ਹੋ ਸਕੇ। ਦੇਰ ਨਾਲ ਅਰਜੀ ਦੇਣ ਨਾਲ ਤੁਹਾਡੀ ਯਾਤਰਾ ਵਿੱਚ ਰੁਕਾਵਟ ਆ ਸਕਦੀ ਹੈ। ਵੀਜਾ ਅਰਜੀ ਦੇਣ ਲਈ ਇੱਕ ਨਿਰਧਾਰਿਤ ਫੀਸ ਹੁੰਦੀ ਹੈ, ਜੋ ਕਿ ਕੁਝ ਹਾਲਾਤਾਂ ਵਿੱਚ ਰਿਫੰਡ ਨਹੀਂ ਕੀਤੀ ਜਾਂਦੀ। ਇਸ ਲਈ, ਫੀਸ ਅਤੇ ਉਸਦੇ ਰਿਫੰਡ ਨੀਤੀ ਬਾਰੇ ਪਹਿਲਾਂ ਹੀ ਜਾਣਕਾਰੀ ਪ੍ਰਾਪਤ ਕਰੋ। ਕਈ ਵੀਜਾ ਕਿਸਮਾਂ ਲਈ ਸਪਾਂਸਰ ਦਾ ਪਰਮਾਣ ਜਾਂ ਸੱਦਾ ਪੱਤਰ ਦੀ ਲੋੜ ਹੁੰਦੀ ਹੈ। ਜੇ ਤੁਸੀਂ ਕੰਮ ਜਾ ਸਿੱਖਿਆ ਲਈ ਜਾ ਰਹੇ ਹੋ, ਤਾਂ ਤੁਹਾਨੂੰ ਸਪਾਂਸਰਸ?ਿਪ ਦੀ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। ਇਹ ਲਾਜਮੀ ਕਰਨਾ ਚਾਹੀਦਾ ਹੈ ਕਿ ਤੁਹਾਨੂੰ ਵੀਜਾ ਪ੍ਰਕਿਰਿਆ ਦੇ ਨਿਯਮਾਂ ਦੀ ਪਾਲਣਾ ਕਰਨ ਵਿੱਚ ਕਦੇ ਵੀ ਗਲਤੀ ਨਾ ਹੋਵੇ




## ਪਹਿਲਾਂ ਬੈਂਕ ਤੋਂ ਲਿਆ 20 ਲੱਖ ਦਾ ਲੋਨ, ਫਿਰ ਮਕਾਨ ਵੇਚਣ ਦੇ ਨਾਂ 'ਤੇ 6 ਲੱਖ ਰੁਪਏ ਲੈ ਲਿਆ ਬਿਆਨਾ

ਜਲੰਧਰ 9 ਅਕਤੂਬਰ। ਲੱਧੇਵਾਲੀ ਦੇ ਮੋਹਨ ਵਿਹਾਰ ਵਿਚ 4 ਮਰਲੇ ਦੇ ਘਰ 'ਤੇ 20 ਲੱਖ ਦਾ ਲੋਨ ਲੈਣ ਦੇ ਬਾਵਜੂਦ ਪਤੀ-ਪਤਨੀ ਨੇ ਆਪਣੇ ਜਾਣਕਾਰਾਂ ਤੋਂ 6 ਲੱਖ ਰੁਪਏ ਦਾ ਬਿਆਨਾ ਲੈ ਕੇ ਠੱਗੀ ਮਾਰ ਲਈ। ਥਾਣਾ ਨੰਬਰ 8 ਵਿਚ ਸ਼ਿਕਾਇਤ ਦੇਣ 'ਤੇ ਦੋਵੇਂ ਪਤੀ-ਪਤਨੀ ਖ਼ਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਰਾਜੀਵ ਪੁੱਤਰ ਅਨਿਲ ਕੁਮਾਰ ਨਿਵਾਸੀ ਨਿਊ ਹਰਦਿਆਲ ਨਗਰ ਨੇ ਦੱਸਿਆ ਕਿ ਉਨ੍ਹਾਂ ਦੇ ਇਲਾਕੇ ਦਾ ਰਹਿਣ ਵਾਲਾ ਅਨੂਪ ਕੁਮਾਰ ਨਿਊ ਹਰਦਿਆਲ ਨਗਰ ਸਥਿਤ ਆਪਣੇ ਘਰ ਤੋਂ ਮੋਹਨ ਵਿਹਾਰ ਵਿਚ ਸ਼ਿਫਟ ਹੋਇਆ ਸੀ। ਕੁਝ ਸਮੇਂ ਬਾਅਦ ਉਹ ਉਸ ਦੇ ਘਰ ਆਇਆ ਅਤੇ ਕਹਿਣ ਲੱਗਾ ਕਿ ਮੋਹਨ ਵਿਹਾਰ ਵਿਚ ਉਸ ਦਾ 4 ਮਰਲੇ 125 ਵਰਗ ਫੁੱਟ ਦਾ ਘਰ ਹੈ, ਜਿਹੜਾ ਉਸ ਦੀ ਪਤਨੀ ਦੇ ਨਾਂ 'ਤੇ ਹੈ ਤੇ ਉਹ ਉਸ ਨੂੰ ਵੇਚਣਾ ਚਾਹੁੰਦੇ ਹਨ। ਰਾਜੀਵ ਨੇ ਉਕਤ ਪ੍ਰਾਪਰਟੀ ਖਰੀਦਣ ਦੀ ਇੱਛਾ ਪ੍ਰਗਟਾਈ ਤਾਂ ਉਨ੍ਹਾਂ ਵਿਚਕਾਰ 16 ਲੱਖ ਰੁਪਏ ਵਿਚ ਸੌਦਾ ਹੋ ਗਿਆ। ਰਾਜੀਵ ਦਾ ਕਹਿਣਾ ਹੈ ਕਿ ਉਸ ਨੇ ਅਨੂਪ ਅਤੇ ਉਸ ਦੀ ਪਤਨੀ ਸੋਨੀਆ ਨਾਲ ਬਿਆਨਾ ਕਰ ਲਿਆ ਅਨਿਲ ਕੁਮਾਰ ਨਿਵਾਸੀ ਨਿਊ ਹਰਦਿਆਲ ਨਗਰ ਨੇ ਦੱਸਿਆ ਕਿ ਉਨ੍ਹਾਂ ਦੇ ਇਲਾਕੇ ਦਾ ਰਹਿਣ ਵਾਲਾ ਅਨੂਪ ਕੁਮਾਰ ਨਿਊ ਹਰਦਿਆਲ ਨਗਰ ਸਥਿਤ ਆਪਣੇ ਘਰ ਤੋਂ ਮੋਹਨ ਵਿਹਾਰ ਵਿਚ ਸ਼ਿਫਟ ਹੋਇਆ ਸੀ। ਕੁਝ ਸਮੇਂ ਬਾਅਦ ਉਹ ਉਸ ਦੇ ਘਰ ਆਇਆ ਅਤੇ ਕਹਿਣ ਲੱਗਾ ਕਿ ਮੋਹਨ ਵਿਹਾਰ ਵਿਚ ਉਸ ਦਾ 4 ਮਰਲੇ 125 ਵਰਗ ਫੁੱਟ ਦਾ ਘਰ ਹ ਅਤੇ 2 ਲੱਖ ਰੁਪਏ ਕੈਸ਼ ਅਨੂਪ ਨਿਵਾਸੀ ਮੋਹਨ ਵਿਹਾਰ ਅਤੇ ਉਸਦੀ ਪਤਨੀ ਸੋਨੀਆ ਨੂੰ ਦੇ ਦਿੱਤੇ। ਬਿਆਨੇ ਅਨੁਸਾਰ ਰਜਿਸਟਰੀ ਕਰਵਾਉਣ ਦੀ ਮਿਆਦ 30 ਜੁਲਾਈ 2022 ਸੀ। ਦੋਸ਼ ਹੈ ਕਿ ਅਨੂਪ ਨੇ ਇਹ ਕਹਿ ਕੇ ਇਕ ਮਹੀਨਾ ਰਜਿਸਟਰੀ ਦਾ ਸਮਾਂ ਵਧਾ ਲਿਆ ਕਿ ਉਨ੍ਹਾਂ ਦੀ ਰਜਿਸਟਰੀ ਬੈਂਕ ਵਿਚ ਪਈ ਹੈ। ਰਜਿਸਟਰੀ ਕਰਵਾਉਣ ਦਾ ਸਮਾਂ ਆਉਣ 'ਤੇ ਪੀੜਤ ਧਿਰ ਨੇ ਵਾਰ-ਵਾਰ ਰਜਿਸਟਰੀ ਕਰਵਾਉਣ ਲਈ ਕਿਹਾ ਪਰ ਉਹ ਟਾਲ-ਮਟੋਲ ਕਰਦੇ ਰਹੇ ਅਤੇ ਬਾਅਦ ਵਿਚ ਫੋਨ ਚੁੱਕਣੇ ਵੀ ਬੰਦ ਕਰ ਦਿੱਤੇ। ਰਾਜੀਵ ਦਾ ਕਹਿਣਾ ਹੈ ਕਿ ਉਨ੍ਹਾਂ ਸਮਾਂ ਆਉਣ 'ਤੇ ਇਕ ਹੋਰ ਬਿਆਨਾ ਕੀਤਾ, ਜਿਸ ਵਿਚ 4 ਲੱਖ ਰੁਪਏ ਹੋਰ ਲੈ ਲਏ ਅਤੇ ਰਜਿਸਟਰੀ ਦਾ ਸਮਾਂ 10 ਜੁਲਾਈ 2023 ਦਾ ਦੇ ਦਿੱਤਾ। ਰਜਿਸਟਰੀ ਕਰਵਾਉਣ ਵਾਲੇ ਦਿਨ ਅਨੂਪ ਨੇ ਫੋਨ ਕਰ ਕੇ ਕਿਹਾ ਕਿ ਉਸ ਨੇ ਜਿਸ ਪ੍ਰਾਪਰਟੀ ਦਾ ਸੌਦਾ ਕੀਤਾ ਸੀ, ਉਸ ਵਿਚੋਂ ਕੁਝ ਹਿੱਸਾ ਕਿਸੇ ਨੂੰ ਵੇਚ ਦਿੱਤਾ ਹੈ, ਜਿਸ ਕਾਰਨ ਉਹ 2 ਮਹੀਨਿਆਂ ਵਿਚ ਬਿਆਨੇ ਦੇ ਲਏ 6 ਲੱਖ ਰੁਪਏ ਮੋੜ ਦੇਵੇਗਾ ਪਰ ਅਜਿਹਾ ਨਹੀਂ ਹੋਇਆ। ਰਾਜੀਵ ਨੇ ਆਪਣੇ ਲੈਵਲ 'ਤੇ ਜਾਂਚ ਕਰਵਾਈ ਤਾਂ ਪਤਾ ਲੱਗਾ ਕਿ ਅਨੂਪ ਅਤੇ ਸੋਨੀਆ ਨੇ ਉਕਤ ਘਰ ਦੀ ਰਜਿਸਟਰੀ ਬੈਂਕ ਵਿਚ ਰੱਖ ਕੇ ਉਸ 'ਤੇ 20 ਲੱਖ ਰੁਪਏ ਦਾ ਲੋਨ ਲਿਆ ਹੋਇਆ ਹੈ। ਇਸ ਸਬੰਧੀ ਰਾਜੀਵ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ। ਪੁਲਸ ਨੇ ਵਾਰ-ਵਾਰ ਅਨੂਪ ਅਤੇ ਉਸ ਦੀ ਪਤਨੀ ਨੂੰ ਨੋਟਿਸ ਭੇਜੇ ਪਰ ਉਹ ਦੋਵੇਂ ਜਾਂਚ ਵਿਚ ਸ਼ਾਮਲ ਨਹੀਂ ਹੋਏ। ਥਾਣਾ ਨੰਬਰ 8 ਦੀ ਪੁਲਸ ਨੇ ਅਨੂਪ ਅਤੇ ਉਸਦੀ ਪਤਨੀ ਸੋਨੀਆ ਖ਼ਿਲਾਫ ਕੇਸ ਦਰਜ ਕਰ ਲਿਆ ਹੈ।




## ਬਾਬਾ ਹਰੀ ਦਾਸ ਡੇਰੇ 'ਚ ਚੋਰੀ, 3 ਮੁਲਜਮ ਗ੍ਰਿਫਤਾਰ

ਬਰਨਾਲਾ 9 ਅਕਤੂਬਰ। ਮੋੜ ਨਾਭਾ ਵਿਖੇ ਸਥਿਤ ਬਾਬਾ ਹਰੀ ਦਾਸ ਡੇਰੇ 'ਚ ਚੋਰੀ ਦੀ ਵੱਡੀ ਘਟਨਾ ਸਾਹਮਣੇ ਆਈ ਹੈ। ਮੁੱਦਈ ਰਾਜਵਿੰਦਰ ਸਿੰਘ ਪੁੱਤਰ ਗੁਰਪਾਲ ਸਿੰਘ ਵਾਸੀ ਮੋੜ ਨਾਭਾ ਨੇ ਪੁਲਸ ਨੂੰ ਬਿਆਨ ਦਿੰਦੇ ਹੋਏ ਦੱਸਿਆ ਕਿ ਉਹ ਬਾਬਾ ਹਰੀ ਦਾਸ ਡੇਰੇ 'ਚ ਸੇਵਾਦਾਰ ਵਜੋਂ ਕੰਮ ਕਰਦਾ ਹੈ। ਮਿਤੀ 30 ਸਤੰਬਰ 2024 ਨੂੰ ਉਹ ਸਵੇਰੇ ਰੁਟੀਨੀ ਤੌਰ 'ਤੇ ਡੇਰਾ ਬੰਦ ਕਰ ਕੇ ਆਪਣੇ ਘਰ ਚਲਾ ਗਿਆ ਸੀ। ਜਦੋਂ ਅਗਲੇ ਦਿਨ, 1 ਅਕਤੂਬਰ 2024 ਦੀ ਸਵੇਰ ਨੂੰ ਉਹ ਡੇਰੇ 'ਤੇ ਵਾਪਸ ਆਇਆ, ਤਾਂ ਉਸ ਨੇ ਡੇਰੇ ਦੇ ਦੋ ਕਮਰੇ ਦੇ ਤਾਲੇ ਟੁੱਟੇ ਹੋਏ ਵੇਖੇ। ਕਮਰਿਆਂ 'ਚ ਸਾਰਾ ਸਾਮਾਨ ਖਿਲਰਿਆ ਹੋਇਆ ਸੀ ਅਤੇ ਕਈ ਕੀਮਤੀ ਚੀਜਾਂ ਚੋਰੀ ਹੋ ਚੁੱਕੀਆਂ ਸਨ। ਰਾਜਵਿੰਦਰ ਸਿੰਘ ਨੇ ਦੱਸਿਆ ਕਿ ਚੋਰੀ ਦੀ ਗਿਣਤੀ 'ਚ ਕੈਮਰੇ ਦਾ ਧੜ, ਇਕ ਐੱਲ. ਸੀ. ਡੀ., ਇਕ ਵਾਈ-ਫਾਈ ਜੰਤਰ ਅਤੇ ਗੋਲਕ ਸਾਮਲ ਸਨ। ਗੋਲਕ 'ਚ ਕੁੱਲ 6 ਤੋਂ 7 ਹਜਾਰ ਰੁਪਏ ਮੌਜੂਦ ਸਨ, ਜੋ ਚੋਰ ਚੋਰੀ ਕਰ ਕੇ ਲੈ ਗਏ। ਇਸ ਘਟਨਾ ਦੀ ਜਾਣਕਾਰੀ ਮਿਲਣ 'ਤੇ ਰਾਜਵਿੰਦਰ ਨੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ। ਤਫਤੀਸ ਦੌਰਾਨ ਰਾਜਵਿੰਦਰ ਸਿੰਘ ਨੂੰ ਪਤਾ ਲੱਗਾ ਕਿ ਇਹ ਚੋਰੀ ਮੋੜ ਨਾਭਾ ਪੱਤੀ ਪਟਿਆਲਾ ਦੇ ਰਹਿਣ ਵਾਲੇ ਤਿੰਨ ਵਿਅਕਤੀਆਂ ਨੇ ਕੀਤੀ ਹੈ। ਮੁਲਜਮਾਂ ਦੀ ਪਛਾਣ ਸਦੀਪ ਸਿੰਘ ਪੁੱਤਰ ਗੁਲਾਬ ਸਿੰਘ, ਜਗਪਾਲ ਸਿੰਘ ਪੁੱਤਰ ਬੇਅੰਤ ਸਿੰਘ ਅਤੇ ਸੁਖਚੈਨ ਸਿੰਘ ਪੁੱਤਰ ਜਗਸੀਰ ਸਿੰਘ ਵਜੋਂ ਹੋਈ।




## ਪੰਜਾਬ 'ਚ ਵੱਡਾ ਹਾਦਸਾ, ਬਾਬਾ ਬੁੱਢਾ ਸਾਹਿਬ ਦੇ ਜੋੜ ਮੇਲੇ ਤੋਂ ਪਰਤ ਰਹੇ 3 ਨੌਜਵਾਨਾਂ ਦੀ ਮੌਤ

ਤਰਨਤਾਰਨ 9 ਅਕਤੂਬਰ। ਬੀਤੀ ਰਾਤ ਪਿੰਡ ਗੁਮਾਨਪੁਰਾ ਦੇ ਨਿਵਾਸੀ ਤਿੰਨ ਨੌਜਵਾਨ ਬਾਬਾ ਬੁੱਢਾ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਸ੍ਰੀ ਗੋਇੰਦਵਾਲ ਸਾਹਿਬ ਲਈ ਇੱਕੋ ਮੋਟਰਸਾਈਕਲ 'ਤੇ ਸਵਾਰ ਹੋ ਕੇ ਰਵਾਨਾ ਹੋਏ ਸਨ। ਜਦੋਂ ਉਹ ਨਜਦੀਕ ਪਿੰਡ ਨੂਰਦੀ ਵਿਖੇ ਪੁੱਜੇ ਤਾਂ ਜ਼ਿਲ੍ਹਾ ਫਿਰੋਜਪੁਰ ਨਾਲ ਸੰਬੰਧਿਤ ਤਿੰਨ ਛੋਟੀ ਉਮਰ ਦੇ ਨੌਜਵਾਨ ਇੱਕੋ ਮੋਟਰਸਾਈਕਲ 'ਤੇ ਸਵਾਰ ਹੋ ਆ ਰਹੇ ਸਨ ਅਤੇ ਦੋਵਾਂ ਮੋਟਰਸਾਈਕਲਾਂ ਦੀ ਆਹਮੋ-ਸਾਹਮਣੇ ਭਿਆਨਕ ਟੱਕਰ ਹੋ ਗਈ। ਇਸ ਟੱਕਰ ਦੌਰਾਨ ਪਿੰਡ ਗੁਮਾਨਪੁਰਾ ਜ਼ਿਲ੍ਹਾ ਅੰਮ੍ਰਿਤਸਰ ਦੇ ਨਿਵਾਸੀ ਵਿਜੇ ਸਿੰਘ, ਸੌਰਵ ਅਤੇ ਗੁਰਪ੍ਰੀਤ ਸਿੰਘ ਦੀ ਮੌਤ ਹੋ ਗਈ। ਤਿੰਨੇ ਨੌਜਵਾਨ 19 ਤੋਂ 21 ਸਾਲ ਦੀ ਉਮਰ ਦੇ ਦੱਸੇ ਜਾ ਰਹੇ ਹਨ।


### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I hitherto known as RAZIYA BANO D/o EMAMUDIN, and W/o ABKAR ALI R/o House No. 140, Sector-9 B, Mandi Gobindgarh, Fatehgarh Sahib, Punjab-147301, have changed my name and shall hereafter be known as RAJIA. It is certified that I have complied with other legal requirements in this connection.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI



## ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦੀ ਗਿਣਤੀ ਵਿਚ ਵਾਧਾ

ਸਾਲ 2024 ਦੇ ਤਿਉਹਾਰਾਂ ਦੇ ਸੀਜਨ ਵਿਚ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ-ਜਾਣ ਲਈ ਪਹਿਲਾ ਤੋਂ ਘੋਸ਼ਿਤ ਅਨੇਕ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦੇ ਨਾਲ-ਨਾਲ ਦੋ ਬੰਦੇ ਭਾਰਤ ਫੇਸਿਟਵਲ ਸਪੈਸ਼ਲਸ ਤੇ ਇਕ ਤੇਜਸ ਫੇਸਿਟਵਲ ਸਪੈਸ਼ਲ ਟ੍ਰੇਨ ਦੇ ਸੰਚਾਲਨ ਦਾ ਵੀ ਫੈਸਲਾ ਲਿਤਾ ਗਿਆ ਹੈ। ਪੂਰਾ ਵੇਰਵਾ ਹੇਠਾ ਅਨੁਸਾਰ ਹੈ :-

### 02252/02251 ਨਵੀਂ ਦਿੱਲੀ – ਪਟਨਾ ਜੰ: – ਨਵੀਂ ਦਿੱਲੀ ਰਿਜ਼ਰਵ ਬੰਦੇ ਭਾਰਤ ਤਿਉਹਾਰ ਵਿਸ਼ੇਸ਼ ਰੇਲਗੱਡੀ (08 ਫੇਰੇ)

| ਗੱਡੀ ਨੰ: 02252 ਆਉਣਾ | ਗੱਡੀ ਨੰ: 02252 ਜਾਣਾ | ਸਟੇਸ਼ਨ | ਗੱਡੀ ਨੰ: 02251 ਆਉਣਾ | ਗੱਡੀ ਨੰ: 02251 ਜਾਣਾ |
|---|---|---|---|---|
| --- | 08:25 | ਨਵੀਂ ਦਿੱਲੀ | 19:00 | --- |
| 20:00 | --- | ਪਟਨਾ ਜੰ: | --- | 07:30 |

ਚਲਨ ਦੇ ਦਿਨ : 02252 ਨਵੀਂ ਦਿੱਲੀ ਤੋਂ ਮਿਤੀ 30.10.2024, 01.11.2024, 03.11.2024 ਅਤੇ 06.11.2024 ਅਤੇ 02251 ਪਟਨਾ ਜੰ: ਤੋਂ ਮਿਤੀ 31.10.2024, 02.11.2024, 04.11.2024 ਅਤੇ 07.11.2024 (ਸ਼ਨੀਵਾਰ) ਨੂੰ
ਜਗ੍ਹਾਂ : ਵਾਤਾ. ਕੁਰਸੀਯਾਨ ਅਤੇ ਐਗਿਜਕਯੂਟਿਵ ਕੁਰਸੀਯਾਨ
ਠਹਿਰਾਵ : ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ ਅਤੇ ਆਰਾ ਸਟੇਸ਼ਨ।

### 02270/02269 ਲਖਨਊ – ਛਪਰਾ – ਲਖਨਊ ਰਿਜ਼ਰਵ ਬੰਦੇ ਭਾਰਤ ਤਿਉਹਾਰ ਰੇਲਗੱਡੀ (ਹਰਰੋਜ਼ ਮੰਗਲਵਾਰ ਨੂੰ ਛੱਡਕੇ) (26 ਫੇਰੇ)

| ਗੱਡੀ ਨੰ: 02270 ਆਉਣਾ | ਗੱਡੀ ਨੰ: 02270 ਜਾਣਾ | ਸਟੇਸ਼ਨ | ਗੱਡੀ ਨੰ: 02269 ਆਉਣਾ | ਗੱਡੀ ਨੰ: 02269 ਜਾਣਾ |
|---|---|---|---|---|
| --- | 14:15 | ਲਖਨਊ | 06:30 | --- |
| 21:30 | --- | ਛਪਰਾ | --- | 23:00 |

ਚਲਨ ਦੇ ਦਿਨ : 02270 ਲਖਨਊ ਤੋਂ ਅਤੇ 02269 ਛਪਰਾ ਤੋਂ ਮਿਤੀ 25.10.2024 ਤੋਂ 08.11.2024 ਤਕ ਹਰਰੋਜ਼ (ਮੰਗਲਵਾਰ ਨੂੰ ਛੱਡਕੇ)
ਜਗ੍ਹਾਂ : ਵਾਤਾ. ਕੁਰਸੀਯਾਨ ਅਤੇ ਐਗਿਜਕਯੂਟਿਵ ਕੁਰਸੀਯਾਨ
ਠਹਿਰਾਵ : ਸੁਲਤਾਨਪੁਰ ਜੰ:, ਵਾਰਾਣਸੀ ਜੰ:, ਗਾਜੀਪੁਰ ਸਿਟੀ, ਬਲਿਯਾ 'ਤੇ ਸੁਰਮਮਨਪੁਰ ਸਟੇਸ਼ਨ।

### 02248/02247 ਨਵੀਂ ਦਿੱਲੀ – ਪਟਨਾ ਜੰ: – ਨਵੀਂ ਦਿੱਲੀ ਰਿਜ਼ਰਵ ਤੇਜਸ ਸੁਪਰਫਾਸਟ ਤਿਉਹਾਰ ਵਿਸ਼ੇਸ਼ ਰੇਲਗੱਡੀ (08 ਫੇਰੇ)

| ਗੱਡੀ ਨੰ: 02248 ਆਉਣਾ | ਗੱਡੀ ਨੰ: 02248 ਜਾਣਾ | ਸਟੇਸ਼ਨ | ਗੱਡੀ ਨੰ: 02247 ਆਉਣਾ | ਗੱਡੀ ਨੰ: 02247 ਜਾਣਾ |
|---|---|---|---|---|
| --- | 08:25 | ਨਵੀਂ ਦਿੱਲੀ | 19:35 | --- |
| 20:30 | --- | ਪਟਨਾ ਜੰ: | --- | 07:30 |

ਚਲਨ ਦੇ ਦਿਨ : 02248 ਨਵੀਂ ਦਿੱਲੀ ਤੋਂ ਮਿਤੀ 29.10.2024, 31.10.2024, 02.11.2024 ਅਤੇ 05.11.2024 ਅਤੇ 02247 ਪਟਨਾ ਜੰ: ਤੋਂ ਮਿਤੀ 30.10.2024, 01.11.2024, 03.11.2024 ਅਤੇ 06.11.2024 ਨੂੰ
ਜਗ੍ਹਾਂ : ਵਾਤਾ. ਕੁਰਸੀਯਾਨ ਅਤੇ ਐਗਿਜਕਯੂਟਿਵ ਕੁਰਸੀਯਾਨ
ਠਹਿਰਾਵ : ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ ਅਤੇ ਆਰਾ ਸਟੇਸ਼ਨ।

### 04052/04051 ਨਵੀਂ ਦਿੱਲੀ – ਜੈਨਗਰ – ਨਵੀਂ ਦਿੱਲੀ ਰਿਜ਼ਰਵ ਵਿਸ਼ੇਸ਼ ਰੇਲਗੱਡੀ (08 ਫੇਰੇ)

| ਗੱਡੀ ਨੰ: 04052 ਆਉਣਾ | ਗੱਡੀ ਨੰ: 04052 ਜਾਣਾ | ਸਟੇਸ਼ਨ | ਗੱਡੀ ਨੰ: 04051 ਆਉਣਾ | ਗੱਡੀ ਨੰ: 04051 ਜਾਣਾ |
|---|---|---|---|---|
| --- | 14:20 | ਨਵੀਂ ਦਿੱਲੀ | 18:50 | --- |
| 15:40 | --- | ਜੈਨਗਰ | --- | 18:00 |

ਚਲਨ ਦੇ ਦਿਨ : 04052 ਨਵੀਂ ਦਿੱਲੀ ਤੋਂ ਮਿਤੀ 26.10.2024, 29.10.2024, 01.11.2024 ਅਤੇ 04.11.2024 ਅਤੇ 04051 ਜੈਨਗਰ ਤੋਂ ਮਿਤੀ 27.10.2024, 30.10.2024, 02.11.2024 ਅਤੇ 05.11.2024 ਨੂੰ
ਜਗ੍ਹਾਂ : ਪਹਿਲੀ ਵਾਤਾਂ., 2 ਟਿਯਰ ਵਾਤਾ., ਸਲੀਪਰ ਅਤੇ ਸਮਾਨਯ
ਠਹਿਰਾਵ : ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਪਟਨਾ ਜੰ:, ਮੋਕਾਮਾ ਜੰ:, ਬਰੋਨੀ ਜੰ:, ਸਮਸਤੀਪੁਰ ਜੰ: ਅਤੇ ਦਰਭੰਗਾ ਜੰ: ਸਟੇਸ਼ਨ।

### 04054/04053 ਨਵੀਂ ਦਿੱਲੀ – ਬਰੋਨੀ ਜੰ: – ਨਵੀਂ ਦਿੱਲੀ ਰਿਜ਼ਰਵ ਵਿਸ਼ੇਸ਼ ਰੇਲਗੱਡੀ (08 ਫੇਰੇ)

| ਗੱਡੀ ਨੰ: 04054 ਆਉਣਾ | ਗੱਡੀ ਨੰ: 04054 ਜਾਣਾ | ਸਟੇਸ਼ਨ | ਗੱਡੀ ਨੰ: 04053 ਆਉਣਾ | ਗੱਡੀ ਨੰ: 04053 ਜਾਣਾ |
|---|---|---|---|---|
| --- | 14:20 | ਨਵੀਂ ਦਿੱਲੀ | 09:10 | --- |
| 11:00 | --- | ਬਰੋਨੀ ਜੰ: | --- | 12:30 |

ਚਲਨ ਦੇ ਦਿਨ : 04054 ਨਵੀਂ ਦਿੱਲੀ ਤੋਂ ਮਿਤੀ 27.10.2024, 30.10.2024, 02.11.2024 ਅਤੇ 05.11.2024 ਅਤੇ 04053 ਬਰੋਨੀ ਜੰ: ਤੋਂ ਮਿਤੀ 28.10.2024, 31.10.2024, 03.11.2024 ਅਤੇ 06.11.2024 ਨੂੰ
ਜਗ੍ਹਾਂ : 2 ਟਿਯਰ ਵਾਤਾ., ਸਲੀਪਰ ਅਤੇ ਸਮਾਨਯ
ਠਹਿਰਾਵ : ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਪਟਨਾ ਜੰ:, ਮੋਕਾਮਾ ਜੰ:, ਸਟੇਸ਼ਨ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ 139 ਉਤੇ ਸੰਪਰਕ ਕਰੋ ਜਾਂ ਭਾਰਤੀਯ ਰੇਲ ਦੀ ਵੇਬਸਾਈਟ https://enquiry.indianrail.gov.in ਜਾਂ NTES App ਦੇਖੋ।

### 02250/02249 ਦਿੱਲੀ ਜੰ: – ਪਟਨਾ ਜੰ: – ਦਿੱਲੀ ਜੰ: ਰਿਜ਼ਰਵ ਸੁਪਰਫਾਸਟ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ (04 ਫੇਰੇ)

| ਗੱਡੀ ਨੰ: 02250 ਆਉਣਾ | ਗੱਡੀ ਨੰ: 02250 ਜਾਣਾ | ਸਟੇਸ਼ਨ | ਗੱਡੀ ਨੰ: 02249 ਆਉਣਾ | ਗੱਡੀ ਨੰ: 02249 ਜਾਣਾ |
|---|---|---|---|---|
| --- | 23:55 | ਦਿੱਲੀ ਜੰ: | 11:00 | --- |
| 16:40 | --- | ਪਟਨਾ ਜੰ: | --- | 17:50 |

ਚਲਨ ਦੇ ਦਿਨ : 02250 ਦਿੱਲੀ ਤੋਂ ਮਿਤੀ 24.10.24, ਅਤੇ 31.10.24 ਅਤੇ 02249 ਪਟਨਾ ਜੰ: ਤੋਂ ਮਿਤੀ 25.10.24, ਅਤੇ 01.11.2024 ਨੂੰ
ਜਗ੍ਹਾਂ : ਪਹਿਲੀ ਵਾਤਾ., 2 ਟਿਯਰ ਵਾਤਾ., 3 ਟਿਯਰ ਵਾਤਾ. ਇਕੋਨਮੀ, ਸਲੀਪਰ ਅਤੇ ਸਮਾਨਯ
ਠਹਿਰਾਵ : ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਅਤੇ ਦਾਨਾਪੁਰ ਸਟੇਸ਼ਨ।

### 09657/09658 ਦੋਰਾਈ – ਬਢਨੀ – ਦੋਰਾਈ ਵਿਸ਼ੇਸ਼ ਰੇਲਗੱਡੀ (ਸਪਤਾਹਿਕ) (12 ਫੇਰੇ)

| ਗੱਡੀ ਨੰ: 09657 ਆਉਣਾ | ਗੱਡੀ ਨੰ: 09657 ਜਾਣਾ | ਸਟੇਸ਼ਨ | ਗੱਡੀ ਨੰ: 09658 ਆਉਣਾ | ਗੱਡੀ ਨੰ: 09658 ਜਾਣਾ |
|---|---|---|---|---|
| --- | 15:00 | ਦੋਰਾਈ | 19:20 | --- |
| 09:18 | 09:20 | ਬਾਰਾਬੰਕੀ ਜੰ: | 23:55 | 23:57 |
| 13:25 | --- | ਬਢਨੀ | --- | 19:15 |

ਚਲਨ ਦੇ ਦਿਨ : 09657 ਦੋਰਾਈ ਤੋਂ ਮਿਤੀ 12.10.24 ਤੋਂ 16.11.24 (ਹਰੇਕ ਸ਼ਨੀਵਾਰ) ਅਤੇ 31.10.24 ਅਤੇ 09658 ਬਢਨੀ ਤੋਂ ਮਿਤੀ 13.10.24 ਤੋਂ 17.11.24 (ਹਰੇਕ ਐਤਵਾਰ) ਨੂੰ
ਜਗ੍ਹਾਂ : 3 ਟਿਯਰ ਵਾਤਾ. 3 ਟਿਯਰ ਇਕੋਨਮੀ, ਸਲੀਪਰ ਅਤੇ ਸਮਾਨਯ
ਠਹਿਰਾਵ : ਅਜਮੇਰ ਜੰ:, ਕਿਸ਼ਨਗਢ, ਜੈਪੁਰ, ਗਾਂਧੀਨਗਰ ਜੈਪੁਰ, ਬਾਦੀਕੁੰਈ ਜੰ:, ਭਰਤਪੁਰ ਜੰ:, ਮਥੁਰਾ ਜੰ:, ਹਾਥਰਸ ਸਿਟੀ, ਕਾਸਗੰਜ, ਕਾਯਮਗੰਜ, ਫਰੂਖਾਬਾਦ ਜੰ:, ਕੰਨੋਜ, ਕਾਨਪੁਰ ਅਨਵਰਗੰਜ, ਕਾਨਪੁਰ ਸੈਂਟਰਲ, ਏਸ਼ਬਾਗ, ਬਾਦਸ਼ਾਹ ਨਗਰ, ਗੋਮਤੀ ਨਗਰ, ਬਾਰਾਬੰਕੀ ਜੰ:, ਗੋਂਡਾ ਜੰ:, ਬਲਰਾਮਪੁਰ ਅਤੇ ਤੁਲਸੀਪੁਰ ਸਟੇਸ਼ਨ।

### 04074/04073 ਦਿੱਲੀ ਜੰ: – ਹਾਵੜਾ ਜੰ: – ਦਿੱਲੀ ਜੰ: ਰਿਜ਼ਰਵ ਸੁਪਰਫਾਸਟ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ (02 ਫੇਰੇ)

| ਗੱਡੀ ਨੰ: 04074 ਆਉਣਾ | ਗੱਡੀ ਨੰ: 04074 ਜਾਣਾ | ਸਟੇਸ਼ਨ | ਗੱਡੀ ਨੰ: 04073 ਆਉਣਾ | ਗੱਡੀ ਨੰ: 04073 ਜਾਣਾ |
|---|---|---|---|---|
| --- | 23:55 | ਦਿੱਲੀ ਜੰ: | 05:00 | --- |
| 01:25 | --- | ਹਾਵੜਾ ਜੰ: | --- | 04:20 |

ਚਲਨ ਦੇ ਦਿਨ : 04074 ਦਿੱਲੀ ਜੰ: ਤੋਂ ਮਿਤੀ 10.10.2024 ਅਤੇ 04073 ਹਾਵੜਾ ਜੰ: ਤੋਂ ਮਿਤੀ 12.10.2024 ਨੂੰ
ਜਗ੍ਹਾਂ : ਪਹਿਲੀ ਵਾਤਾਂ, 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ
ਠਹਿਰਾਵ : ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਮਿਰਜਾਪੁਰ, ਪੰ. ਦੀਨ ਦਯਾਲ ਉਪਾਦਯੇ ਜੰ:, ਸਾਸਾਰਾਮ, ਗਯਾ ਜੰ:, ਕੋਡਰਮਾ, ਪਾਰਸਨਾਥ, ਨੇਤਾਜੀ ਸੁਭਾਸ਼ ਚੰਦਰ ਬੋਸ ਜੰ:: ਗੋਮੋਹ, ਧਨਬਾਦ ਜੰ:, ਆਸਨਸੋਲ ਜੰ:, ਅੰਡਾਲ ਜੰ:, ਦੁਰਗਾਪੁਰ, ਵਰਧਮਾਨ ਅਤੇ ਡਾਨਕੁਨਿ ਸਟੇਸ਼ਨ।

### 04071/04072 ਨਵੀਂ ਦਿੱਲੀ – ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ – ਨਵੀਂ ਦਿੱਲੀ ਰਿਜ਼ਰਵ ਸੁਪਰਫਾਸਟ ਐਕਸ. ਵਿਸ਼ੇਸ਼ ਰੇਲਗੱਡੀ (04 ਫੇਰੇ)

| ਗੱਡੀ ਨੰ: 04071 ਆਉਣਾ | ਗੱਡੀ ਨੰ: 04071 ਜਾਣਾ | ਸਟੇਸ਼ਨ | ਗੱਡੀ ਨੰ: 04072 ਆਉਣਾ | ਗੱਡੀ ਨੰ: 04072 ਜਾਣਾ |
|---|---|---|---|---|
| --- | 23:45 | ਨਵੀਂ ਦਿੱਲੀ | 09:30 | --- |
| 11:40 | --- | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | --- | 21:20 |

ਚਲਨ ਦੇ ਦਿਨ : 04071 ਨਵੀਂ ਦਿੱਲੀ ਤੋਂ ਮਿਤੀ 10.10.2024 ਅਤੇ 12.10.2024 ਅਤੇ 04072 ਸ੍ਰੀ ਮਾਤਾ ਵੈਸ਼ਣੋਂ ਦੇਵੀ ਕਟਰਾ ਤੋਂ ਮਿਤੀ 11.10.2024 ਅਤੇ 13.10.2024 ਨੂੰ
ਜਗ੍ਹਾਂ : 2 ਟਿਯਰ ਵਾਤਾ., ਸਲੀਪਰ ਅਤੇ ਸਮਾਨਯ
ਠਹਿਰਾਵ : ਸੋਨੀਪਤਾ, ਪਾਨੀਪਤਾ, ਕਰਨਾਲ, ਕੁਰਖਸ਼ੇਤਰ ਜੰ:, ਅੰਬਾਲਾ ਕੈਂਟ, ਢੰਢਾਰੀ ਕਲਾਂ, ਜਲੰਧਰ ਕੈਂਟ, ਪਠਾਨਕੋਟ ਕੈਂਟ, ਜੰਮੂ ਤਵੀ ਅਤੇ ਸ਼ਹੀਦ ਕਪਤਾਨ ਤੁਸ਼ਾਰ ਮਹਾਜਨ ਸਟੇਸ਼ਨ।

### 04081/04082 ਨਵੀਂ ਦਿੱਲੀ – ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ – ਨਵੀਂ ਦਿੱਲੀ ਰਿਜ਼ਰਵ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ (02 ਫੇਰੇ)

| ਗੱਡੀ ਨੰ: 04081 ਆਉਣਾ | ਗੱਡੀ ਨੰ: 04081 ਜਾਣਾ | ਸਟੇਸ਼ਨ | ਗੱਡੀ ਨੰ: 04082 ਆਉਣਾ | ਗੱਡੀ ਨੰ: 04082 ਜਾਣਾ |
|---|---|---|---|---|
| --- | 23:45 | ਨਵੀਂ ਦਿੱਲੀ | 09:30 | --- |
| 11:40 | --- | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | --- | 21:20 |

ਚਲਨ ਦੇ ਦਿਨ : 04081 ਨਵੀਂ ਦਿੱਲੀ ਤੋਂ ਮਿਤੀ 11.10.2024 ਅਤੇ 04082 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਤੋਂ ਮਿਤੀ 12.10.2024 ਨੂੰ
ਜਗ੍ਹਾਂ : ਪਹਿਲੀ ਵਾਤਾਂ, 2 ਟਿਯਰ ਵਾਤਾਂ., 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ
ਠਹਿਰਾਵ : ਸੋਨੀਪਤ, ਪਾਨੀਪਤ, ਕਰਨਾਲ, ਕੁਰਖਸ਼ੇਤਰ ਜੰ:, ਅੰਬਾਲਾ ਕੈਂਟ, ਢੰਢਾਰੀ ਕਲਾਂ, ਜਲੰਧਰ ਕੈਂਟ, ਪਠਾਨਕੋਟ ਕੈਂਟ, ਜੰਮੂ ਤਵੀ ਅਤੇ ਸ਼ਹੀਦ ਕਪਤਾਨ ਤੁਸ਼ਾਰ ਮਹਾਜਨ ਸਟੇਸ਼ਨ।

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ – ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਝੋਨੇ ਦੀ ਪਰਾਲੀ ਬੋਝ ਨਹੀਂ ਸਗੋਂ ਪੌਸ਼ਟਿਕ ਤੱਤਾਂ ਦਾ ਖਜ਼ਾਨਾ : ਸੰਦੀਪ ਰਿਣਵਾਂ

**ਫਾਜ਼ਿਲਕਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ: ਸੰਦੀਪ ਰਿਣਵਾਂ ਨੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੀ ਬਿਜਾਏ ਖੇਤ ਵਿੱਚ ਵਾਹ ਕੇ ਜਾਂ ਚੁਕਾ ਕੇ ਜ਼ਮੀਨ ਦੀ ਸਿਹਤ ਸੁਧਾਰਨ ਦੇ ਨਾਲ ਨਾਲ ਹਵਾ ਦਾ ਪ੍ਰਦੂਸ਼ਣ ਘਟਾਇਆ ਜਾ ਸਕਦਾ ਹੈ।ਝੋਨੇ ਦੀ ਪਰਾਲੀ ਬੋਝ ਨਹੀਂ ਸਗੋਂ ਮਿੱਟੀ ਦੀ ਸਿਹਤ ਸੁਧਾਰਨ ਲਈ ਪੌਸ਼ਟਿਕ ਤੱਤਾਂ ਦਾ ਖਜ਼ਾਨਾ ਹੈ ,ਜਿਸ ਨੂੰ ਅੱਗ ਲਗਾ ਕੇ ਸਾੜਣ ਦੀ ਬਜਾਏ ਖੇਤਾਂ ਵਿੱਚ ਸੰਭਾਲ ਕੇ ਕਣਕ ਜਾਂ ਹੋਰ ਫਸਲਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਵਾਹ ਕੇ ਫਸਲਾਂ ਦੀ ਬਿਜਾਈ ਕਰਨ ਨਾਲ ਪੈਦਾਵਾਰ ਵਿੱਚ ਵਾਧਾ ਹੁੰਦਾ ਹੈ। ਮਿੱਟੀ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ।

ਉਨ੍ਹਾਂ ਪਰਾਲੀ ਦਾ ਗਣਿਤ ਕਿਸਾਨਾਂ ਨਾਲ ਸਾਂਝਾ ਕਰਦਿਆਂ ਕਿਹਾ ਕਿ ਇੱਕ ਏਕੜ ਰਕਬੇ ਵਿੱਚੋਂ ਤਕਰੀਬਨ ਤਿੰਨ ਟਨ ਪਰਾਲੀ ਪੈਦਾ ਹੁੰਦੀ ਹੈ।ਤਿੰਨ ਟਨ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ 1000 ਕਿਲੋ ਜੈਵਿਕ ਕਾਰਬਨ, 13 ਕਿਲੋ ਨਾਈਟਰੋਜਨ, 6 ਕਿਲੋ ਫਾਸਫੋਰਸ, 63 ਕਿਲੋ ਪੋਟਾਸ਼, 3.5 ਕਿਲੋ ਸਲਫਰ ਅਤੇ ਮਿੱਟੀ ਵਿਚਲੇ ਲਘੂ ਜੀਵਾਂ ਦਾ ਬਹੁਤ ਨੁਕਸਾਨ ਹੁੰਦਾ ਹੈ, ਜਿਸ ਦੀ ਬਾਜ਼ਾਰੀ ਕੀਮਤ ਤਕਰੀਬਨ 6000/- ਰੁਪਏ ਬਣਦੀ ਹੈ। ਜੇਕਰ ਪਰਾਲੀ ਨੂੰ ਖੇਤਾਂ ਵਿੱਚ ਸੰਭਾਲ ਕੇ ਕਣਕ ਦੀ ਬਿਜਾਈ ਕੀਤੀ ਜਾਵੇ ਤਾਂ ਇਸ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।ਉਨ੍ਹਾ ਦੱਸਿਆ ਕਿ ਖੇਤੀ ਮਾਹਿਰਾਂ ਅਨੁਸਾਰ ਪ੍ਰਤੀ ਏਕੜ ਮਿੱਟੀ ਨੂੰ 10 ਕੁਇੰਟਲ ਜੈਵਿਕ ਮਾਦਾ 14 ਕਿਲੋ ਨਾਈਟ੍ਰੋਜਨ, 63 ਕਿਲੋ ਪੋਟਾਸ਼, 7 ਕਿਲੋ ਫਾਸਫੋਰਸ ਅਤੇ 3 ਕਿਲੋ ਸਲਫ਼ਰ ਮਿਲਦੀ ਹੈ, ਜਿਸ ਦੀ ਕੀਮਤ ਲਗਭਗ 6000/- ਰੁਪਏ ਬਣਦੀ ਹੈ।ਪ੍ਰਤੀ ਏਕੜ ਕਣਕ ਦੀ ਬਿਜਾਈ ਸੁਪਰ ਸੀਡਰ ਨਾਲ ਕਿਰਾਏ ਤੇ ਕਰਨ ਨਾਲ ਲਗਭਗ 2000/- ਤੋਂ 2500/- ਰੁਪਏ ਖਰਚ ਕੀਤੇ ਜਾਂਦੇ ਹਨ,ਇਸ



ਤਰ੍ਹਾਂ 3500/-ਤੋਂ4000/-ਪ੍ਰਤੀ ਏਕੜ ਮੁੱਲ ਦੇ ਪੌਸ਼ਟਿਕ ਤੱਤ ਅਤੇ ਜੈਵਿਕ ਕਾਰਬਨ ਮਿੱਟੀ ਨੂੰ ਪ੍ਰਾਪਤ ਹੋ ਜਾਂਦੇ ਹਨ ਜਦ ਕਿ ਖੇਤ ਵਿੱਚ ਪਰਾਲੀ ਨੂੰ ਸਾੜਨ ਨਾਲ ਮਿੱਟੀ ਨੂੰ ਇਹ ਲਾਭ ਨਹੀਂ ਮਿਲਦਾ।

ਜ਼ਿਲ੍ਹਾ ਮੁੱਖ ਖੇਤੀਬਾੜੀ ਅਫਸਰ ਡਾ. ਸੰਦੀਪ ਰਿਣਵਾਂ ਨੇ ਅੱਗੇ ਦੱਸਿਆ ਕਿ ਖੇਤੀ ਮਾਹਿਰਾਂ ਦੀਆਂ ਰਿਪੋਰਟਾਂ ਮੁਤਾਬਿਕ ਇੱਕ ਟਨ ਪਰਾਲੀ ਨੂੰ ਅੱਗ ਲਗਾ ਕੇ ਸਾੜਨ ਨਾਲ ਤਕਰੀਬਨ 1515 ਕਿਲੋ ਕਾਰਬਨਡਾਈਆਕਸਾਈਡ, 92 ਕਿਲੋ ਕਾਰਬਨਮੋਨੋਆਕਸਾਈਡ, 3.83 ਕਿਲੋ ਨਾਈਟ੍ਰਿਕ ਆਕਸਾਈਡ, 0.4 ਕਿਲੋ ਸਲਫਰ ਆਕਸਾਈਡ, 2.7 ਕਿਲੋ ਮੀਥੇਨ ਅਤੇ 15.7 ਕਿਲੋ ਆਰਗੈਨਿਕ ਕੰਪਾਊਂਡ ਉਤਪਨ ਹੁੰਦੇ ਹਨ। ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਪੈਦਾ ਹੋਈਆਂ ਗੈਸਾਂ ਵਿੱਚ 70% ਕਾਰਬਨ ਡਾਈਅਕਸਾਈਡ,7% ਕਾਰਬਨ ਮੋਨੋਆਕਸਾਈਡ, 0.66% ਮੀਥੇਨ ਅਤੇ 2.09% ਨਾਈਟਿਕ ਆਕਸਾਈਡ ਗੈਸਾਂ ਹੁੰਦੀਆਂ ਜੋ ਬਜ਼ੁਰਗਾਂ, ਗਰਭਵਤੀ ਔਰਤਾਂ ਅਤੇ ਬੱਚਿਆਂ ਦੀ ਸਿਹਤ ਲਈ ਬਹੁਤ ਘਾਤ ਸਿੱਧ ਹੁੰਦੀਆਂ ਹਨ। ਪਰਾਲੀ ਨੂੰ ਅੱਗ ਲਗਾਉਣ ਨਾਲ ਜਿਥੇ ਖੇਤਾਂ ਦੀ ਮਿੱਟੀ ਦੀ ਸਿਹਤ ਤੇ ਬੁਰਾ ਪ੍ਰਭਾਵ ਪੈਂਦਾ ਹੈ ਉਥੇ ਵਾਤਾਵਰਣ ਵੀ ਪ੍ਰਦੂਸ਼ਿਤ ਹੁੰਦਾ ਹੈ।ਪਰਾਲੀ ਨੂੰ ਅੱਗ ਲੱਗਣ ਕਾਰਨ ਨਿਕਲੇ ਸੂਖਮ ਕਣ ਹਵਾ ਵਿੱਚ ਮਿਲ ਕੇ ਕਈ ਪ੍ਰਕਾਰ ਦੀਆਂ ਭਿਆਨਕ ਬਿਮਾਰੀਆਂ ਜਿਵੇਂ ਦਿਲ,ਅੱਖਾਂ, ਚਮੜੀ ਅਤੇ ਸਾਹ ਆਦਿ ਦੀਆਂ ਬਿਮਾਰੀਆਂ ਦਾ ਕਾਰਨ ਬਣਦੇ ਹਨ ਜਿਸ ਨਾਲ ਬਜ਼ੁਰਗਾਂ,ਗਰਭਵਤੀ ਔਰਤਾਂ ਅਤੇ ਬੱਚਿਆਂ ਦੀ ਸਿਹਤ ਪ੍ਰਭਾਵਤ ਹੁੰਦੀ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਸੂਖਮ ਕਣ ਪਸ਼ੂਆਂ ਖਾਸ ਕਰਕੇ ਦੁਧਾਰੂ ਪਸ਼ੂਆਂ ਲਈ ਵੀ ਬਹੁਤ ਹਾਨੀਕਾਰਕ ਹੁੰਦੇ ਹਨ। ਪਰਾਲੀ ਸਾੜਨ ਕਾਰਨ ਪੈਦਾ ਹੋਏ ਧੂੰਏਂ ਨਾਲ ਦਿਨ ਵੇਲੇ ਦੇਖਣ ਦੀ ਵੱਧ ਤੋਂ ਵੱਧ ਹੱਦ ਬਹੁਤ ਘੱਟ ਜਾਂਦੀ ਹੈ ਜਿਸ ਕਾਰਨ ਸੜਕੀ ਦੁਰਘਟਨਾਵਾਂ ਹੋ ਜਾਂਦੀਆਂ ਹਨ ਅਤੇ ਕਈ ਕੀਮਤੀ ਮਨੁੱਖੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਹਨ। ਅੱਗ ਲਗਾਉਣ ਨਾਲ ਸੜਕਾਂ ਕਿਨਾਰੇ ਲਗਾਏ ਦਰੱਖਤ ਸੜਕੇ ਨਸ਼ਟ ਹੋ ਜਾਂਦੇ ਹਨ। ਧੂੰਏਂ ਕਾਰਨ ਪੈਦਾ ਹੋਣ ਜ਼ਹਿਰੀਲੀਆਂ ਗੈਸਾਂ ਨਾਲ ਹੋਣ ਵਾਲੀਆਂ ਕੈਂਸਰ,ਅੱਖਾਂ, ਚਮੜੀ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਤੋਂ ਬਜ਼ੁਰਗਾਂ,ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਬਚਾਇਆ ਜਾ ਸਕਦਾ ਹੈ। ਮਿੱਟੀ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ,ਮਿੱਟੀ ਵਿੱਚ ਹਵਾ ਸੰਚਾਰ ਅਤੇ ਪਾਣੀ ਸੋਖਣ ਦੀ ਸਮਰੱਥਾ ਵਧਦੀ ਹੈ।ਜੈਵਿਕ ਮਾਦਾ ਵਧਣ ਨਾਲ ਭਾਰੀ ਜ਼ਮੀਨ ਭੁਰਭਰੀ ਅਤੇ ਹਲਕੀ ਜ਼ਮੀਨ ਭਾਰੀ ਹੋ ਜਾਂਦੀ ਹੈ।ਮਿੱਟੀ ਵਿੱਚ ਸੂਖਮ ਜੀਵਾਂ ਦੀ ਗਿਣਤੀ ਵਧਣ ਨਾਲ ਮਿੱਟੀ ਦੇ ਜੈਵਿਕ ਗੁਣਾਂ ਵਿਚ ਵਾਧਾ ਹੁੰਦਾ ਹੈ ਜਿਸ ਨਾਲ ਕਣਕ ,ਝੋਨੇ ਜਾਂ ਹੋਰ ਫ਼ਸਲਾਂ ਦੀ ਪੈਦਾਵਾਰ ਵਿਚ ਵਾਧਾ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਸਮੇਂ ਦੇ ਨਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਖੇਤੀ ਮਾਹਿਰਾਂ ਵੱਲੋਂ ਹੁਣ ਅਨੇਕਾਂ ਅਜਿਹੀਆਂ ਤਕਨੀਕਾਂ/ਮਸ਼ੀਨਾਂ ਜਿਵੇਂ ਮਲਚਰ,ਹੈਪੀ ਸੀਡਰ,ਸੁਪਰ ਸੀਡਰ,ਸਮਾਰਟ ਸੀਡਰ,ਕਟਰ ਕਮ ਸ਼ਰੈਡਰ, ਉਲਟਾਵਾਂ ਹੱਲ, ਸਰਫੇਸ ਸੀਡਰ ਆਦਿ ਵਿਕਸਤ ਕੀਤੀਆਂ ਜਾ ਚੁੱਕੀਆਂ ਹਨ,ਜਿਨ੍ਹਾਂ ਦੀ ਵਰਤੋਂ ਨਾਲ ਪਰਾਲੀ ਦੀ ਸੰਭਾਲ ਕਰਕੇ ਨਾਂ ਕੇਵਲ ਵਧੇਰੇ ਪੈਦਾਵਾਰ ਹੀ ਲਈ ਜਾ ਸਕਦੀ ਹੈ ਬਲਕਿ ਜ਼ਮੀਨ ਦੀ ਸਿਹਤ ਵਿੱਚ ਵੀ ਸੁਧਾਰ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਕਿਸਾਨ ਜ਼ਿਲੇ ਦੇ ਖੇਤੀਬਾੜੀ ਅਫ਼ਸਰਾਂ ਨਾਲ ਸੰਪਰਕ ਕਰ ਸਕਦੇ ਹਨ।

# ਪੰਜਾਬ ਦੇ ਮੁਕਾਬਲੇ ਹੁਣ ਤਕ ਹਰਿਆਣਾ ਨੇ 12 ਗੁਣਾ ਵੱਧ ਝੋਨਾ ਐਮਐਸਪੀ ’ਤੇ ਖਰੀਦਿਆ

**ਚੰਡੀਗੜ੍ਹ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਤੇ ਪੰਜਾਬ ਵਿਚ ਰਾਈਸ ਮਿਲਰਸ ਦੀ ਹੜਤਾਲ ਦੇ ਬਾਵਜੂਦ ਖੁਰਾਕ ਅਤੇ ਸਪਲਾਈ ਵਿਭਾਗ ਹਰਿਆਣਾ ਵੱਲੋਂ ਝੋਨਾ ਖਰੀਦ ਲਈ ਕੀਤੇ ਗਏ ਪੁਖਤਾ ਪ੍ਰਬੰਧ ਰੰਗ ਲਿਆ ਰਹੇ ਹਨ। ਹਰਿਆਣਾ ਨੇ ਪੰਜਾਬ ਤੋਂ 12 ਗੁਣਾਂ ਝੋਨੇ ਵੱਧ ਝੋਨੇ ਦੀ ਸਰਕਾਰੀ ਖਰੀਦ ਕੇ ਕਿਸਾਨਾਂ ਨੂੰ ਵੱਡੀ ਰਾਹਤ ਦੇਣ ਦਾ ਕੰਮ ਕੀਤਾ ਹੈ। ਇਸ ਵਾਰ ਆਨਲਾਇਨ ਗੇਟਪਾਸ ਦੀ ਸਹੂਲਤ ਮਿਲਣ ਨਾਲ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿਚ ਕਾਫੀ ਸਹੂਲਤ ਹੋਈ ਹੈ। ਹੁਣ ਤਕ ਹਰਿਆਣਾ ਵਿਚ ਜਿੱਥੇ 1,18,763 ਮੀਕ੍ਰ ਟਨ ਝੋਨੇ ਦੀ ਖਰੀਦ ਹੋ ਚੁੱਕੀ ਹੈ ਉੱਥੇ ਪੰਜਾਬ ਵਿਚ 9,433 ਮੀਟ੍ਰਿਕ ਟਨ ਝੋਨੇ ਦੀ ਖਰੀਦ ਹੋਈ ਹੈ।

ਖੁਰਾਕ ਅਤੇ ਸਪਲਾਈ ਵਿਭਾਗ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਵੱਖ-ਵੱਖ ਸਰਕਾਰੀ ਏਜੰਸੀਆਂ ਮੰਡੀਆਂ ਵਿਚ ਝੋਨੇ ਦੀ ਖਰੀਦ ਕਰ ਰਹੀਆਂ ਹਨ। ਝੋਨੇ ਦੀ ਖਰੀਦ ਦਾ ਕੰਮ 15 ਨਵੰਬਰ, 2024 ਤਕ ਚੱਲੇਗਾ। ਸਰਕਾਰ ਵੱਲੋਂ ਨਿਰਧਾਰਿਤ ਘੱਟੋ ਘੱਟ ਸਹਾਇਕ ਮੁੱਲ ’ਤੇ ਝੋਨੇ ਦੀ ਖਰੀਦ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਆਮ ਝੋਨੇ ਦਾ ਘੱਟੋ ਘੱਟ ਸਹਾਇਕ ਮੁੱਲ 2300 ਰੁਪਏ ਪ੍ਰਤੀ ਕੁਇੰਟਲ ਅਤੇ ਗ੍ਰੇਡ-ਏ ਝੋਨੇ ਦਾ ਸਹਾਇਕ ਮੁੱਲ 2320 ਰੁਪਏ ਪ੍ਰਤੀ ਕੁਇੰਟਲ ਦਿੱਤਾ ਜਾ ਰਿਹਾ ਹੈ। ਸੂਬੇ ਵਿਚ ਝੋਨੇ ਦੀ ਖਰੀਦ 241 ਮੰਡੀਆਂ ’ਤੇ ਖਰੀਦ ਕੇਂਦਰਾਂ ’ਤੇ ਕੀਤੀ ਜਾ ਰਹੀ ਹੈ। ਵਿਭਾਗ ਵੱਲੋਂ 17% ਤਕ ਦੀ ਨਮੀ ਵਾਲੀ ਝੋਨੇ ਨੂੰ ਹੀ ਖਰੀਦਣ ਦੇ ਨਿਰਦੇਸ਼ ਦਿੱਤੇ ਹੋਏ ਹਨ। ਸਾਰੀ ਮੰਡੀਆਂ ਵਿਚ ਸਹੀ ਗਿਣਤੀ ਵਿਚ ਬਾਰਦਾਨਾ ਉਪਲਬਧ ਹੈ। ਇਸ ਤੋਂ ਇਲਾਵਾ, ਫਸਲ ਦੀ ਸਫਾਈ ਆਦਿ ਲਈ ਜਰੂਰੀ ਸਮੱਗਰੀਆਂ ਦੀ ਉਪਲਬਧਤਾ ਨੂੰ ਯਕੀਨੀ ਕੀਤਾ ਗਿਆ ਹੈ।

ਬੁਲਾਰੇ ਨੇ ਦਸਿਆ ਕਿ ਝੋਨੇ ਦੇ ਨਾਲ -ਨਾਲ ਹੋਰ ਖਰੀਫ ਫਸਲਾਂ ਦੀ ਖਰੀਦ ਦਾ ਕੰਮ ਵੀ ਐਮਐਸਪੀ ’ਤੇ ਕੀਤਾ ਜਾ ਰਿਹਾ ਹੈ। ਸੂਬੇ ਵਿਚ 1 ਅਕਤੂਬਰ ਤੋਂ ਘੱਟੋ ਘੱਟ ਸਹਾਇਕ ਮੁੱਲ ’ਤੇ ਬਾਜਰੇ ਦੀ ਖਰੀਦ ਵੀ ਚਲ ਰਹੀ ਹੈ। ਰਾਜ ਵਿਚ ਬਾਜਰੇ ਦੀ ਖਰੀਦ 91 ਮੰਡੀਆਂ ਅਤੇ ਖਰੀਦ ਕੇਂਦਰਾਂ ’ਤੇ ਕੀਤੀ ਜਾ ਰਹੀ ਹੈ।

ਬੁਲਾਰੇ ਨੇ ਸੂਬੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਫਸਲ ਨੂੰ ਚੰਗੀ ਤਰ੍ਹਾ ਨਾਲ ਸਾਫ ਤੇ ਸੁੱਖਾ ਕੇ ਮੰਡੀ ਵਿਚ ਲਿਆਉਣ ਤਾਂ ਜੋ ਖਰੀਦ ਵਿਚ ਕਿਸੇ ਤਰ੍ਹਾ ਦੀ ਕੋਈ ਮੁਸ਼ਕਲ ਨਾ ਆਵੇ। ਝੋਨੇ ਵਿਚ 17% ਤੋਂ ਵੱਧ ਨਮੀ ਨਹੀਂ ਹੋਣੀ ਚਾਹੀਦੀ ਹੈ।ਬੁਲਾਰੇ ਅਨੁਸਾਰ 4 ਅਕਤੂਬਰ ਤਕ ਰਾਜ ਦੀ ਵੱਖ-ਵੱਖ ਮੰਡੀਆਂ ਵਿਚ ਕੁੱਲ 4,37,775 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ। ਆਮਦ ਝੋਨੇ ਵਿੱਚੋਂ 1,18,763 ਮੀਟ੍ਰਿਕ ਟਨ ਝੋਨੇ ਦੀ ਸਰਕਾਰੀ ਏਜੰਸੀਆਂ ਨੇ ਖਰੀਦ ਕਰ ਲਈ ਹੈ ਅਤੇ 18,577 ਮੀਟ੍ਰਿਕ ਟਨ ਝੋਨੇ ਦਾ ਉਠਾਨ ਵੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੇ ਦਸਿਆ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਖਰੀਦੀ ਗਈ ਫਸਲ ਦਾ ਸਮੇਂ ’ਤੇ ਭੁਗਤਾਨ ਵੀ ਯਕੀਨੀ ਕੀਤਾ ਜਾ ਰਿਹਾ ਹੈ ਅਤੇ ਹੁਣ ਤਕ 15000 ਤੋਂ ਵੱਧ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ 12.85 ਕਰੋੜ ਰੁਪਏ ਤੋਂ ਵੱਧ ਦੀ ਰਕਮ ਸਿੱਧੇ ਉਨ੍ਹਾਂ ਦੇ ਖਾਤੇ ਵਿਚ ਭੇਜ ਦਿੱਤੀ ਗਈ ਹੈ। ਫਿਲਹਾਲ ਉਠਾਨ ਕੀਤੇ ਗਏ ਝੋਨੇ ਨੂੰ ਏਜੰਸੀ ਦੇ ਗੋਦਾਮਾਂ, ਪਲਿੰਥਾਂ ਅਤੇ ਹੋਰ ਚੁਨਿੰਦਾ ਸਥਾਨਾਂ ਵਿਚ ਸਟੋਰ ਕੀਤਾ ਗਿਆ ਹੈ।

ਵਿਭਾਗ ਦੇ ਬੁਲਾਰੇ ਨੇ ਅੱਗੇ ਦਸਿਆ ਕਿ ਹੁਣ ਤਕ ਖਰੀਦਿਆ ਗਿਆ ਕੁੱਲ 1,18,763 ਮੀਟ੍ਰਿਕ ਟਨ ਝੋਨੇ ਵਿੱਚੋਂ ਸੱਭ ਤੋਂ ਵੱਧ ਕੁਰੂਕਸ਼ੇਤਰ ਜਿਲ੍ਹਾ ਵਿਚ 40,227 ਮੀਟ੍ਰਿਕ ਟਨ ਤੋਂ ਵੱਧ ਝੋਨੇ ਦੀ ਖਰੀਦ ਹੋਈ ਹੈ। ਇਸ ਤੋਂ ਇਲਾਵਾ, ਯਮੁਨਾਨਗਰ ਜਿਲ੍ਹਾ ਵਿਚ 28,116 ਮੀਟ੍ਰਿਕ ਟਨ, ਅੰਬਾਲਾ ਜਿਲ੍ਹਾ ਵਿਚ 30,149 ਮੀਟ੍ਰਿਕ ਟਨ, ਕਰਨਾਲ ਜਿਲ੍ਹਾ ਵਿਚ 10,774 ਮੀਟ੍ਰਿਕ ਟਨ, ਕੈਥਲ ਜਿਲ੍ਹਾ ਵਿਚ 3,436 ਮੀਟ੍ਰਿਕ ਟਨ ਅਤੇ ਪੰਚਕੂਲਾ ਜਿਲ੍ਹਾ ਵਿਚ 5,424 ਮੀਟ੍ਰਿਕ ਟਨ ਝੋਨੇ ਦੀ ਖਰੀਦ ਹੋਈ ਹੈ। ਇਸੀ ਤਰ੍ਹਾ ਹੋਰ ਜਿਲ੍ਹਿਆਂ ਦੀ ਮੰਡੀਆਂ ਵਿਚ ਵੀ ਆਉਣ ਵਾਲੀ ਝੋਨੇ ਨੂੰ ਖਰੀਦਿਆ ਜਾ ਰਿਹਾ ਹੈ।

ਬੁਲਾਰੇ ਨੇ ਇਹ ਵੀ ਦਸਿਆ ਕਿ ਸੂਬੇ ਵਿਚ ਵਿਭਾਗ ਨੇ 1 ਅਕਤੂਬਰ, 2024 ਤੋਂ ਘੱਟੋ ਘੱਟ ਸਹਾਇਕ ਮੁੱਲ ’ਤੇ ਬਾਜਰੇ ਦੀ ਖਰੀਦ ਵੀ ਸ਼ੁਰੂ ਕਰ ਦਿੱਤੀ ਹੈ। ਇਸ ਦੇ ਲਈ ਵਿਭਾਗ ਵੱਲੋਂ ਵਿਸ਼ੇਸ਼ ਰੂਪ ਨਾਲ 91 ਮੰਡੀਆਂ ਅਤੇ ਖਰੀਦ ਕੇਂਦਰ ਖੋਲੇ ਗਏ ਹਨ, ਜਿਸ ਵਿਚ ਸੂਬੇ ਦੇ ਕਿਸਾਨਾਂ ਤੋਂ 4 ਅਕਤੂਬਰ ਤਕ 28,427 ਮੀਟ੍ਰਿਕ ਟਨ ਤੋਂ ਵੱਧ ਬਾਜਰਾ ਖਰੀਦਿਆ ਜਾ ਚੁੱਕਾ ਹੈ।

ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਰਿਵਾੜੀ ਜਿਲ੍ਹਾ ਵਿਚ ਸੱਭ ਤੋਂ ਵੱਧ 9,791 ਮੀਟ੍ਰਿਕ ਟਨ ਬਾਜਰਾ ਦੀ ਘੱਟੋ ਘੱਟ ਸਹਾਇਕ ਮੁੱਲ ’ਤੇ ਸਰਕਾਰੀ ਖਰੀਦ ਕੀਤੀ ਗਈ ਹੈ। ਇਸ ਤੋਂ ਇਲਾਵਾ, ਮਹੇਂਦਰਗੜ੍ਹ ਜਿਲ੍ਹਾ ਵਿਚ 7,199 ਮੀਟ੍ਰਿਕ ਟਨ , ਗੁਰੂਗ੍ਰਾਮ ਜਿਲ੍ਹਾ ਵਿਚ 5,549 ਮੀਟ੍ਰਿਕ ਟਨ, ਝੱਜਰ ਜਿਲ੍ਹਾ ਵਿਚ 3,282 ਮੀਟ੍ਰਿਕ ਟਨ, ਭਿਵਾਨੀ ਜਿਲ੍ਹਾ ਵਿਚ 841 ਮੀਟ੍ਰਿਕ ਟਨ ਅਤੇ ਮੇਵਾਤ ਜਿਲ੍ਹਾ ਵਿਚ 1,682 ਮੀਟ੍ਰਿਕ ਟਨ ਬਾਜਰੇ ਦੀ ਖਰੀਦ ਕੀਤੀ ਗਈ ਹੈ।ਬੁਲਾਰੇ ਨੇ ਦਸਿਆ ਕਿ ਸੂਬੇ ਵਿਚ ਖਰੀਫ ਫਸਲਾਂ ਦੀ ਖਰੀਦ ਪ੍ਰਕ੍ਰਿਆ ਸੁਚਾਰੂ ਰੂਪ ਨਾਲ ਚੱਲ ਰਹੀ ਹੈ ਅਤੇ ਇਹ ਪ੍ਰਕ੍ਰਿਆ 15 ਨਵੰਬਰ, 2024 ਤਕ ਾਰੀ ਰਹੇਗੀ। ਖਰੀਦ ਦੌਰਾਨ ਕਿਸਾਨਾਂ ਨੂੰ ਕਿਸੇ ਵੀ ਤਰ੍ਹਾ ਦੀ ਸਮਸਿਆ ਨਹੀਂ ਆਉਣ ਦਿੱਤੀ ਜਾਵੇਗੀ। ਕਿਸਾਨਾਂ ਦੇ ਆਰਥਕ ਹਿੱਤਾਂ ਦੀ ਰੱਖਿਆ ਲਈ ਵਿਭਾਗ ਪੂਰੀ ਤਰ੍ਹਾ ਪ੍ਰਤੀਬੱਧ ਹੈ ਅਤੇ ਪੂਰੇ ਸੀਜਨ ਵਿਚ ਬਿਨ੍ਹਾਂ ਰੁਕਾਵਟ ਅਤੇ ਕੁਸ਼ਲ ਖਰੀਦ ਪ੍ਰਕ੍ਰਿਆ ਯਕੀਨੀ ਕਰੇਗਾ।

# ਤੰਦਰੁਸਤ ਸਰੀਰ ਲਈ ਯੋਗਾ ਵਰਦਾਨ ਹੈ - ਜ਼ਿਲ੍ਹਾ ਕੁਰਾਡੀਨੇਟਰ ਸ਼੍ਰੀ ਲਵਪ੍ਰੀਤ ਸਿੰਘ

**ਬਟਾਲਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਸੀ.ਐੱਮ.ਦੀ ਯੋਗਸ਼ਾਲਾ ਇੱਕ ਤੰਦਰੁਸਤ ਪੰਜਾਬ ਬਣਾਉਣ ਲਈ ਯੋਗ ਕਲਾਸਾਂ ਚਲਾਈਆਂ ਜਾ ਰਹੀਆਂ ਹਨ।

ਜ਼ਿਲ੍ਹਾ ਕੁਰਾਡੀਨੇਟਰ ਸ਼੍ਰੀ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਵਿੱਚ ਲਗਭਗ 170 ਯੋਗ ਕਲਾਸਾਂ ਰੋਜ਼ਾਨਾ ਲੱਗ ਰਹੀਆਂ ਹਨ। ਜਿਨ੍ਹਾਂ ਵਿੱਚ ਲਗਭਗ 6000 ਹਜ਼ਾਰ ਲੋਕ ਲਾਭ ਉਠਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਦੇ ਸਮੇਂ ਵਿੱਚ ਸਾਡੇ ਖਾਣ-ਪੀਣ ਅਤੇ ਰੋਜਾਨਾ ਜ਼ਿੰਦਗੀ ਦੇ ਰੁਝੇਵਿਆਂ ਦੇ ਕਾਰਨ ਕਈ ਤਰ੍ਹਾਂ ਦੀਆਂ ਸਰੀਰਕ ਬਿਮਾਰੀਆਂ ਲੱਗ ਗਈਆ ਹਨ। ਜ਼ਿਨ੍ਹਾਂ ਨੂੰ ਅਸੀ ਯੋਗ ਦੇ ਦੁਆਰਾ ਬਹੁਤ ਜਲਦੀ ਠੀਕ ਕਰ ਸਕਦੇ ਹਾਂ। ਜਿਵੇ ਕਿ ਸਾਨੂੰ ਪਤਾ ਹੈ, ਅੱਜ ਦੇ ਸਮੇਂ ਵਿੱਚ ਸਰਵਾਈਕਲ, ਕਮਰ ਦਰਦ, ਮਾਈਗ੍ਰੇਨ, ਬੀ.ਪੀ. ਥਾਈਰਾਇਡ ਇਹ ਸਭ ਆਮ ਹੀ ਸੁਣਨ ਨੂੰ ਮਿਲਦਾ ਹੈ। ਇਹ ਸਾਡੇ ਰੋਜ਼ਾਨਾ ਜ਼ਿੰਦਗੀ ਦੇ ਖਾਣ-ਪੀਣ ਅਤੇ ਘੱਟ ਕਸਰਤ ਦੇ ਕਾਰਨ ਹੋ ਰਿਹਾ ਹੈ। ਵੱਖ-ਵੱਖ ਥਾਵਾਂ ਉੱਤੇ ਚੱਲ ਰਹੀਆਂ ਯੋਗ ਕਲਾਸਾਂ ਵਿੱਚ ਜਾ ਕੇ ਉਨ੍ਹਾਂ ਨਾਲ ਗੱਲਬਾਤ ਕਰਨ ਤੇ ਪਤਾ ਲੱਗਾ ਕਿ ਇਨ੍ਹਾਂ ਯੋਗ ਕਲਾਸਾਂ ਰਾਹੀ ਉਨ੍ਹਾਂ ਨੂੰ ਬਹੁਤ ਉਨ੍ਹਾਂ ਦੀਆਂ ਬਹੁਤ ਤਰ੍ਹਾਂ ਦੀਆਂ ਬਿਮਾਰੀਆਂ ਠੀਕ ਹੋ ਰਹੀਆਂ ਹਨ।

ਯੋਗ ਕਲਾਸਾਂ ਲੈ ਰਹੇ ਲੋਕਾਂ ਅਤੇ ਜ਼ਿਲ੍ਹੇ ਦੇ ਯੋਗ ਸੁਪਰ ਵਾਈਜ਼ਰ ਵਲੋਂ ਬਾਕੀ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਲੋਕ ਕਿਸੇ ਵੀ ਤਰ੍ਹਾ ਦੀਆਂ ਬਿਮਾਰੀਆਂ ਤੋਂ ਗ੍ਰਸਤ ਹਨ ਜਾਂ ਮਾਨਸੀਕ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ, ਉਹ ਯੋਗ ਕਲਾਸਾਂ ਵਿੱਚ ਜ਼ਰੂਰ ਆਇਆ ਕਰਨ।

ਜੇਕਰ ਤੁਸੀਂ ਆਪਣੇ ਨੇੜਲੇ ਇਲਾਕੇ ਜਾਂ ਆਪਣੇ ਆਸ-ਪਾਸ ਵਾਲ੍ਹੀ ਜਗ੍ਹਾਂ ਤੇ ਯੋਗ ਕਲਾਸਾਂ ਸ਼ੁਰੂ ਕਰਵਾਉਣ ਚਾਹੁੰਦੇ ਹੋ ਤਾਂ ਤੁਸੀ ਪੰਜਾਬ ਸਰਕਾਰ ਦੁਆਰਾ ਜਾਰੀ ਕੀਤੇ ਟੋਲ ਫ੍ਰੀ ਨੰਬਰ 96694-00500 ਤੇ ਫੋਨ ਕਰ ਸਕਦੇ ਹੈ।

# ਜੋੜੀਆਂ ਭੱਠੀਆਂ ਚੌਂਕ ਦੀ ਸ਼੍ਰੀ ਰਾਮ ਲੀਲਾ ਵਿੱਚ ਭਗਵਾਨ ਰਾਮ ਨੇ ਕੀਤਾ ਤਾੜਕਾ ਦਾ ਵਧ

**ਪਟਿਆਲਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੋੜੀਆ ਭੱਠੀਆਂ ਰਾਇਲ ਯੂਥ ਕਲੱਬ ਅਤੇ ਸ਼੍ਰੀ ਰਾਮ ਲੀਲਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਵਰੁਣ ਜਿੰਦਲ ਦੀ ਦੇਖ-ਰੇਖ ਹੇਠ ਆਯੋਜਿਤ ਸ਼੍ਰੀ ਰਾਮ ਲੀਲਾ ਦੇ ਦੂਜੇ ਦਿਨ ਦੇ ਮੰਚਨ ਵਿੱਚ ਭਗਵਾਨ ਰਾਮ ਦੇ ਬਾਲ ਰੂਪ ਨੇ ਸਭ ਨੂੰ ਮੰਤਰਮੁਗਧ ਕਰ ਦਿੱਤਾ। ਸ਼ੁੱਕਰਵਾਰ ਨੂੰ ਸ਼੍ਰੀ ਰਾਮ ਲੀਲਾ ਵਿੱਚ ਸਭ ਤੋਂ ਪਹਿਲਾ ਜਿੱਥੇ ਇਕ ਪਾਸੇ ਭਗਵਾਨ ਰਾਮ ਦੇ ਬਚਪਨ ਦੀਆਂ ਲੀਲਾਵਾਂ ਦਾ ਮੰਚਨ ਕੀਤਾ ਗਿਆ, ਉੱਥੇ ਹੀ ਮਾਤਾ ਸੀਤਾ ਵਲੋਂ ਬਚਪਨ ਵਿੱਚ ਸ਼ਿਵ ਧਨੁਸ਼ ਚੁੱਕਣ ਦਾ ਖੂਬਸੂਰਤ ਅਤੇ ਮਨਮੋਹਕ ਦ੍ਰਿਸ਼ ਪੇਸ਼ ਕੀਤਾ ਗਿਆ।



ਪ੍ਰਧਾਨ ਵਰੁਣ ਜਿੰਦਲ ਨੇ ਦੱਸਿਆ ਕਿ ਡਾ. ਅਸ਼ੀਸ਼ ਕੌਸ਼ਲ ਅਤੇ ਡਾ. ਸੋਨੀਆ ਸੋਢੀ ਕੌਸ਼ਲ ਦੇ ਨਿਰਦੇਸ਼ਨ ਹੇਠ ਦੂਜੇ ਦਿਨ ਸ਼੍ਰੀ ਰਾਮ ਲੀਲਾ ਦੀ ਸ਼ੁਰੂਆਤ ਭਗਵਾਨ ਰਾਮ ਅਤੇ ਮਾਤਾ ਸੀਤਾ ਦੇ ਬਾਲ ਰੂਪ ਦੇ ਦ੍ਰਿਸ਼ਾਂ ਦੇ ਨਾਲ ਕੀਤੀ ਗਈ। ਜਿਸ ਤੋਂ ਬਾਅਦ ਭਗਵਾਨ ਰਾਮ ਦੁਆਰਾ ਰਾਕਸ਼ਾਂ ਦੀ ਮੁਕਤੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ। ਮਹਾਂਰਿਸ਼ੀ ਵਿਸ਼ਵਾਮਿੱਤਰ ਦੇ ਆਉਣ ਦਾ ਮੰਚਨ ਕੀਤਾ ਗਿਆ, ਜਿੱਥੇ ਮਹਾਰਾਜ ਦਸ਼ਰਥ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਵੱਲੋਂ ਪੂਜਾ ਦੌਰਾਨ ਤਾੜਕਾ ਵੱਲੋਂ ਯੱਗ ਭੰਗ ਕਰਨ ਬਾਰੇ ਜਾਣਕਾਰੀ ਦਿੱਤੀ ਗਈ। ਮਹਾਰਿਸ਼ੀ ਵਿਸ਼ਵਾਮਿੱਤਰ ਨੇ ਤਾੜਕਾ ਨੂੰ ਮਾਰਨ ਲਈ ਰਾਮ-ਲਕਸ਼ਮਣ ਦੀ ਮੰਗ ਕੀਤੀ ਅਤੇ ਮਹਾਰਾਜ ਦਸ਼ਰਥ ਨੇ ਭਾਰੀ ਮਨ ਨਾਲ ਮਹਾਂਰਿਸ਼ੀ ਨੂੰ ਆਪਣੇ ਦੋਵੇਂ ਪੁੱਤਰ ਸੌਂਪ ਦਿੱਤੇ, ਜਿਨ੍ਹਾਂ ਨੇ ਜੰਗਲ ਵਿਚ ਤਾੜਕਾ ਦਾ ਵਧ ਕਰ ਦਿੱਤਾ। ਪੁਸ਼ਪ ਵਾਟਿਕਾ ਵਿੱਚ ਪਹਿਲੀ ਵਾਰ ਭਗਵਾਨ ਸ਼੍ਰੀ ਰਾਮ ਅਤੇ ਮਾਤਾ ਸੀਤਾ ਦੇ ਇੱਕ ਦੂਜੇ ਨੂੰ ਦੇਖਣ ਦੇ ਦ੍ਰਿਸ਼ ਨੇ ਸਾਰਿਆਂ ਦਾ ਮਨ ਮੋਹ ਲਿਆ।

ਦੂਜੇ ਦਿਨ, ਮਹਾਰਾਜ ਦਸ਼ਰਥ ਦਾ ਚਾਰਾਂ ਰਾਜਕੁਮਾਰਾਂ ਨਾਲ ਖੇਡਣਾ, ਰਾਕਸ਼ਾਂ ਵੱਲੋਂ ਵਿਸ਼ਵਾਮਿੱਤਰ ਦੇ ਆਸ਼ਰਮ ਵਿੱਚ ਤਬਾਹੀ ਮਚਾਉਣਾ, ਮਹਾਂਰਿਸ਼ੀ ਵਿਸ਼ਵਾਮਿੱਤਰ ਵੱਲੋਂ ਮਹਾਰਾਜ ਦਸ਼ਰਥ ਤੋਂ ਮਦਦ ਮੰਗਣੀ, ਮਹਾਂਰਿਸ਼ੀ ਵਿਸ਼ਵਾਮਿੱਤਰ ਦੀ ਤਰਫੋਂ ਰਾਮ-ਲਕਸ਼ਮਣ ਨੂੰ ਸ਼ਕਤੀਆਂ ਪ੍ਰਦਾਨ ਕਰਨੀਆਂ ਅਤੇ ਤਾੜਕਾ ਵਧ ਦੇ ਦ੍ਰਿਸ਼ ਪੇਸ਼ ਕੀਤੇ ਗਏ। ਪ੍ਰਧਾਨ ਨੇ ਦੱਸਿਆ ਕਿ ਸ਼੍ਰੀ ਰਾਮ ਲੀਲਾ ਹਰ ਰੋਜ਼ ਰਾਤ 9:00 ਵਜੇ ਸ਼ੁਰੂ ਹੋਵੇਗੀ, ਜੋ ਰਾਤ 11:30 ਵਜੇ ਤੱਕ ਚੱਲੇਗੀ ਅਤੇ 12 ਅਕਤੂਬਰ ਨੂੰ ਦੁਸਹਿਰੇ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਮੌਕੇ ਜੋੜੀ ਭੱਟ ?ਠੀਆਂ ਰਾਇਲ ਯੂਥ ਕਲੱਬ ਅਤੇ ਸ਼੍ਰੀ ਰਾਮ ਲੀਲਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰ ਹਾਜ਼ਰ ਰਹੇ।

# ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ ਦੇ 100 ਸਾਲਾ ਜਸ਼ਨਾਂ ਨਾਲ ਸੰਬੰਧਿਤ ਇੰਟਰ ਬਰਾਂਚ ਸਟੋਰੀ ਟੈਲਿੰਗ ਮੁਕਾਬਲੇ ਕਰਵਾਏ ਗਏ



**ਮਲੇਰਕੋਟਲਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਕਫ ਬੋਰਡ ਦੇ ਪ੍ਰਬੰਧ ਅਧੀਨ ਚਲ ਰਹੇ ਪੰਜਾਬ ਦੇ ਸਭ ਤੋਂ ਵੱਡੇ ਮੁਸਲਿਮ ਵਿਦਿਅਕ ਅਦਾਰੇ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ ਦੀ ਬਰਾਂਚ ਨੰਬਰ ਇੱਕ ਵਿੱਚ ਇੰਟਰ ਬਰਾਂਚ ਸਟੋਰੀ ਟੈਲਿੰਗ ਮੁਕਾਬਲੇ ਕਰਵਾਏ ਗਏ। ਸਕੂਲ ਦੇ 100 ਸਾਲਾ ਜਸ਼ਨਾ ਦੀ ਲੜੀ ਅਧੀਨ ਕਰਵਾਏ ਇਹਨਾਂ ਮੁਕਾਬਲਿਆਂ ਦੇ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਸ੍ਰੀ ਮੁਹੰਮਦ ਜਮੀਲ ਅੰਸਾਰੀ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਸਕੂਲ ਦੀਆਂ ਵੱਖ ਵੱਖ ਬਰਾਂਚਾਂ ਦੇ 40 ਵਿਦਿਆਰਥੀਆਂ ਨੇ ਭਾਗ ਲਿਆ। ਜੱਜ ਦੀ ਜਿੰਮੇਵਾਰੀ ਮੈਡਮ ਰੂਬੀਆ ਚੌਹਾਨ ਅਤੇ ਮੈਡਮ ਗਜਾਲਾ ਨੇ ਨਿਭਾਈ। ਮੰਚ ਦਾ ਸੰਚਾਲਨ ਅੰਗਰੇਜ਼ੀ ਵਿਭਾਗ ਦੀ ਮੁਖੀ ਮੈਡਮ ਨਾਦੀਆ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ।ਪ੍ਰਿੰਸੀਪਲ ਮੁਹੰਮਦ ਜਮੀਲ ਅੰਸਾਰੀ ਨੇ ਕਿਹਾ ਕਿ ਅੰਗਰੇਜ਼ੀ ਇਕ ਅੰਤਰਰਾਸ਼ਟਰੀ ਭਾਸ਼ਾ ਹੋਣ ਦੇ ਕਾਰਨ ਖਾਸ ਮਹੱਤਤਾ ਰੱਖਦੀ ਹੈ। ਅੱਜ ਜਦੋਂ ਦੁਨੀਆ ਸੁੰਗੜ ਕੇ ਇੱਕ ਪਿੰਡ ਦਾ ਰੂਪ ਧਾਰਨ ਕਰ ਗਈ ਹੈ ਤਾਂ ਅੰਤਰਰਾਸ਼ਟਰੀ ਪੱਧਰ ਤੇ ਅਸੀਂ ਅੰਗਰੇਜ਼ੀ ਭਾਸ਼ਾ ਤੋਂ ਬਿਨਾਂ ਗੁਜ਼ਾਰਾ ਨਹੀਂ ਕਰ ਸਕਦੇ। ਸਾਡੇ ਵਿਦਿਆਰਥੀ ਆਪਣੀ ਜ਼ਿੰਦਗੀ ਵਿੱਚ ਤਾਂ ਹੀ ਸਫਲ ਹੋਣਗੇ ਜੇਕਰ ਉਹ ਮਾਤ ਭਾਸ਼ਾ ਦੇ ਨਾਲ ਨਾਲ ਅੰਗਰੇਜ਼ੀ ਭਾਸ਼ਾ ਦੀ ਮਹੱਤਤਾ ਨੂੰ ਵੀ ਸਮਝਣਗੇ। ਅੱਜ ਦਾ ਸਟੋਰੀ ਟੈਲਿੰਗ ਮੁਕਾਬਲਾ ਵਿਦਿਆਰਥੀਆਂ ਦੇ ਵਿੱਚ ਅੰਗਰੇਜ਼ੀ ਭਾਸ਼ਾ ਪ੍ਰਤੀ ਰੁਚੀ ਪੈਦਾ ਕਰਨ ਦੇ ਲਈ ਹੀ ਕਰਵਾਇਆ ਗਿਆ ਹੈ। ਇਸ ਮੁਕਾਬਲੇ ਵਿੱਚ ਬਰਾਂਚ ਨੰਬਰ ਚਾਰ ਦੇ ਵਿਦਿਆਰਥੀ ਸੁਪਰੀਆ ਖਾਨ ਨੇ ਪਹਿਲਾਂ ਸਥਾਨ ਪ੍ਰਾਪਤ ਕੀਤਾ। ਬਰਾਂਚ ਨੰਬਰ ਤਿੰਨ ਦੀ ਵਿਦਿਆਰਥਣ ਸੂਫੀਆਨਾ ਅਤੇ ਬਰਾਂਚ ਨੰਬਰ ਚਾਰ ਦੀ ਵਿਦਿਆਰਥਣ ਆਲੀਮਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ ,ਤੀਸਰਾ ਸਥਾਨ ਮੇਨ ਸਕੂਲ ਦੇ ਵਿਦਿਆਰਥੀ ਮੁਹੰਮਦ ਜੁਨੇਦ ਨੇ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਮੁਹੰਮਦ ਇਰਫਾਨ ਅਤੇ ਸਾਨੀਆ ਨੂੰ ਵੀ ਵਿਸ਼ੇਸ਼ ਤੌਰ ਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

# ਪ੍ਰਧਾਨ ਨੰਦ ਲਾਲ ਟਾਂਕ ਦੀ ਅਗਵਾਈ ਚ ਸਫਾਈ ਸੇਵਕ ਯੂਨੀਅਨ ਦੀ ਨਗਰ ਕੌਂਸਲ ਸਨੌਰ ਵਿਖੇ ਮੀਟਿੰਗ



**ਸਨੌਰ, 9 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਫਾਈ ਸੇਵਕ ਐਂਡ ਅਦਰ ਵਰਕਸ ਯੂਨੀਅਨ ਰਜਿਸਟਰ ਨੰਬਰ 4 ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਨੰਦ ਲਾਲ ਟਾਂਕ ਦੀ ਅਗਵਾਈ ਵਿੱਚ ਦਫਤਰ ਨਗਰ ਕੌਂਸਲ ਸਨੌਰ ਵਿਖੇ ਮੀਟਿੰਗ ਕੀਤੀ ਗਈ ਸਫਾਈ ਸੇਵਕ ਯੂਨੀਅਨ ਪੰਜਾਬ ਦੇ ਸੱਦੇ ਤੇ ਆਉਣ ਵਾਲੀ 7,8,9ਤਰੀਕ ਨੂੰ ਜਿਹੜਾ ਧਰਨਾ ਪ੍ਰਦਰਸ਼ਨ ਕਰਨਾ ਹੈ ਉਹਦੇ ਸੰਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਾਰੇ ਅਹੁਦੇਦਾਰ ਸਾਹਿਬਾਨ ਅਤੇ ਮੈਂਬਰ ਸਾਹਿਬਾਨਾਂ ਨੇ ਆਪਣੇ ਆਪਣੇ ਵਿਚਾਰ ਦਿੱਤੇ ਅਤੇ ਫੈਸਲਾ ਕੀਤਾ ਗਿਆ ਕਿ 7 ਅਤੇ 8 ਤਰੀਕ ਨੂੰ ਸਵੇਰੇ 1 ਘੰਟਾ ਅਤੇ 9 ਤਰੀਕ ਨੂੰ ਪੂਰਾ ਦਿਨ ਕੰਮ ਬੰਦ ਕਰਕੇ ਪੰਜਾਬ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਜਾਏਗਾ ਇਸ ਮੌਕੇ ਤੇ ਰਕੇਸ਼ ਕੁਮਾਰ ਬੱਬੂ ਸੈਕਟਰੀ ਵਰੁਣ ਕੁਮਾਰ ਮੀਤ ਪ੍ਰਧਾਨ ਕੈਸ਼ੀਅਰ ਦੀਪਕ ਕੁਮਾਰ ਜੂਗਰ ਲਾਲ ਸੀਨੀਅਰ ਵਾਈਸ ਚੇਅਰਮੈਨ ਨਰੇਸ਼ ਕੁਮਾਰ ਵਾਈਸ ਚੇਅਰਮੈਨ ਵਿਜੇ ਕੁਮਾਰ ਵਿਕਰਮਜੀਤ ਜਗਦੀਸ਼ ਕੁਮਾਰ ਨਰਿੰਦਰ ਪਾਲ ਹਸਨਪੁਰ ਅਤੇ ਸਫਾਈ ਸੇਵਕ ਐਂਡ ਅਦਰ ਵਰਕਰ ਯੂਨੀਅਨ ਦੇ ਸਾਰੇ ਹੀ ਮੈਂਬਰ ਸਾਹਿਬਾਨ ਹਾਜ਼ਰ ਸਨ

# ਫਾਜਿਲਕਾ ਜ਼ਿਲ੍ਹੇ ਵਿੱਚ ਸਰਪੰਚ ਲਈ ਕੁੱਲ 2591 ਅਤੇ ਪੰਚ ਲਈ 6733 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਪ੍ਰਾਪਤ ਹੋਏ

**ਫਾਜ਼ਿਲਕਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗ੍ਰਾਮ ਪੰਚਾਇਤ ਚੋਣਾਂ-2024 ਲਈ ਫਾਜਿਲਕਾ ਜ਼ਿਲ੍ਹੇ ਵਿੱਚ ਸਰਪੰਚਾਂ ਦੇ ਅਹੁਦਿਆਂ ਲਈ ਕੁੱਲ 2591 ਅਤੇ ਪੰਚਾਂ ਦੇ ਅਹੁਦੇ ਲਈ 6733 ਨਾਮਜ਼ਦਗੀਆਂ ਪ੍ਰਾਪਤ ਹੋਈਆਂ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਕਮ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸੁਭਾਸ਼ ਚੰਦਰ ਨੇ ਦੱਸਿਆ ਕਿ ਐਸ.ਡੀ.ਐਮਜ਼ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਨਾਮਜ਼ਦਗੀਆਂ ਦੀ ਬਲਾਕ-ਵਾਰ ਵੰਡ ਤਹਿਤ ਅਬੋਹਰ ਬਲਾਕ ਵਿੱਚ ਸਰਪੰਚਾਂ ਦੇ ਅਹੁਦਿਆਂ ਲਈ ਕੁੱਲ 482 ਅਤੇ ਪੰਚਾਂ ਲਈ 1331 ਨਾਮਜ਼ਦਗੀਆਂ ਪ੍ਰਾਪਤ ਹੋਈਆਂ ਹਨ। ਅਰਨੀਵਾਲਾ ਬਲਾਕ ਵਿੱਚ




ਸਰਪੰਚਾਂ ਦੇ ਅਹੁਦੇ ਲਈ ਕੁੱਲ 254 ਨਾਮਜ਼ਦਗੀਆਂ ਅਤੇ ਪੰਚਾਂ ਲਈ ਕੁੱਲ 722 ਨਾਮਜ਼ਦਗੀਆਂ ਪ੍ਰਾਪਤ ਹੋਈਆਂ।

ਇਸੇ ਤਰ੍ਹਾਂ ਫਾਜਿਲਕਾ ਬਲਾਕ ਵਿੱਚ ਸਰਪੰਚਾਂ ਲਈ ਕੁੱਲ 613 ਅਤੇ ਪੰਚਾਂ ਲਈ ਕੁੱਲ 1369 ਨਾਮਜ਼ਦਗੀਆਂ ਪ੍ਰਾਪਤ ਹੋਈਆਂ, ਜਦਕਿ ਜਲਾਲਾਬਾਦ ਬਲਾਕ ਵਿੱਚ ਸਰਪੰਚਾਂ ਲਈ 866 ਅਤੇ ਪੰਚਾਂ ਲਈ ਕੁੱਲ 2192 ਨਾਮਜ਼ਦਗੀਆਂ ਪ੍ਰਾਪਤ ਹੋਈਆਂ। ਇਸੇ ਤਰ੍ਹਾਂ ਖੂਈਆ ਸਰਵਰ ਐਟ ਅਬੋਹਰ ਬਲਾਕ ਵਿੱਚ ਸਰਪੰਚਾਂ ਲਈ ਕੁੱਲ 376 ਅਤੇ ਪੰਚਾਂ ਲਈ ਕੁੱਲ 1119 ਨਾਮਜ਼ਦਗੀਆਂ ਪ੍ਰਾਪਤ ਹੋਈਆਂ।

ਉਨ੍ਹਾਂ ਦੱਸਿਆ ਕਿ ਕਾਗਜ਼ਾਂ ਦੀ ਪੜਤਾਲ ਅੱਜ 9 ਅਕਤੂਬਰ, 2024 ਨੂੰ ਕੀਤੀ ਜਾਵੇਗੀ, ਜਦਕਿ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 9 ਅਕਤੂਬਰ, 2024 ਨੂੰ ਬਾਅਦ ਦੁਪਹਿਰ 3:00 ਵਜੇ ਤੱਕ ਹੈ।

# ਰਾਮਲੀਲਾ ਆਯੋਜਿਤ

**ਰਾਜਪੁਰਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਾਮ ਨਗਰ ਰਾਜਪੁਰਾ ਵਿੱਚ ਸ੍ਰੀ ਰਾਮ ਪਰਿਵਾਰ ਵੈੱਲਫੇਅਰ ਸੁਸਾਇਟੀ ਵੱਲੋਂ ਸੰਸਥਾਪਕ ਦੇਸ਼ ਰਾਜ ਬਾਂਸਲ ਅਤੇ ਪ੍ਰਧਾਨ ਟਿੰਕੂ ਬਾਂਸਲ ਦੀ ਅਗਵਾਈ ਹੇਠ ਰਾਮਲੀਲ੍ਹਾ ਦੇ ਸੀਨ ‘ਨਾਰਦ ਸਰਾਪ’ ਦਾ ਮੰਚਨ ਕੀਤਾ ਗਿਆ।ਸਟੇਜ ਦਾ ਉਦਘਾਟਨ ਪੈਟਰਨ ਅਸ਼ਵਨੀ ਸਾਹਨੀ ਅਤੇ ਅਮਿਤ ਗੁਪਤਾ ਵੱਲੋਂ ਕੀਤਾ ਗਿਆ। ਚੀਫ਼ ਡਾਇਰੈਕਟਰ ਜੀਵਨ ਸੂਦ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਪਰਦਿਆਂ ਦੀ ਥਾਂ ‘ਤੇ ਐਲਈਡੀ ਲਗਾਈ ਗਈ ਹੈ। ਇਸ ਮੌਕੇ ਚੇਅਰਮੈਨ ਨਵਦੀਪ ਚਾਨੀ, ਮੀਤ ਚੇਅਰਮੈਨ ਲਖਵੀਰ ਲਾਡੀ, ਜਨਰਲ ਸਕੱਤਰ ਸਾਹਿਲ ਸ਼ਰਮਾ ਤੇ ਬਿੰਦਰ ਠਾਕੁਰ ਆਦਿ ਹਾਜ਼ਰ ਸਨ।

# ਵਿਮਲ ਕੁਮਾਰ ਸੇਤੀਆ ਚੋਣ ਅਬਜ਼ਰਵਰ ਨਿਯੁਕਤ

**ਖਮਾਣੋਂ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਾਇਤ ਚੋਣਾਂ 2024 ਨੂੰ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਪੰਜਾਬ ਕੋਆਪਰੇਟਿਵ ਸੁਸਾਇਟੀ, ਪੰਜਾਬ ਦੇ ਰਜਿਸਟਰਾਰ ਸ਼੍ਰੀ ਵਿਮਲ ਕੁਮਾਰ ਸੇਤੀਆ, ਨੂੰ ਚੋਣ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਉਹਨਾਂ ਦੇ ਨਾਲ ਸ਼੍ਰੀ ਰਮਨ ਕੁਮਾਰ, ਸਹਾਇਕ ਰਜਿਸਟਰਾਰ ਕੋਆਪਰੇਟਿਵ ਸੁਸਾਇਟੀ, ਅਮਲੋਹ ਨੂੰ ਤਾਲਮੇਲ ਅਫਸਰ ਲਗਾਇਆ ਗਿਆ ਹੈ। ਸ੍ਰੀ ਸੇਤੀਆ ਦਾ ਫਤਿਹਗੜ੍ਹ ਸਾਹਿਬ ਪਹੁੰਚਣ ਤੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ ਨੇ ਨਿੱਘਾ ਸਵਾਗਤ ਕੀਤਾ। ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਅੱਜ ਸ੍ਰੀ ਸੇਤੀਆ ਵੱਲੋਂ ਬਲਾਕ ਖਮਾਣੋਂ ਦੇ ਪਿੰਡਾਂ ਤੇ ਨਾਮਜ਼ਦਗੀ ਭਰਨ ਲਈ ਨਿਰਧਾਰਤ ਕੀਤੇ ਕੇਂਦਰਾਂ ਦਾ ਦੌਰਾ ਕੀਤਾ ਗਿਆ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਪ੍ਰਬੰਧਾਂ ’ਤੇ ਤਸੱਲੀ ਪ੍ਰਗਟਾਈ ਗਈ। ਇਸ ਦੇ ਨਾਲ ਨਾਲ ਉਹਨਾਂ ਵੱਲੋਂ ਜੋ ਵੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ, ਉਹਨਾਂ ਦੀ ਪਾਲਣਾਂ ਯਕੀਨੀ ਬਣਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਚਾਇਤੀ ਚੋਣਾਂ ਸਬੰਧੀ ਕਿਸੇ ਵੀ ਕਿਸਮ ਦੀ ਸ਼ਿਕਾਇਤ ਲਈ ਚੋਣ ਅਬਜ਼ਰਵਰ ਸ਼੍ਰੀ ਸੇਤੀਆ ਦੇ ਮੋਬਾਈਲ ਨੰਬਰ 98881-52333 ’ਤੇ ਅਤੇ ਉਹਨਾਂ ਦੇ ਤਾਲਮੇਲ ਅਫ਼ਸਰ ਦੇ ਮੋਬਾਈਲ ਨੰਬਰ 79864-71311 ’ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਜ਼ਿਲ੍ਹਾ ਪ੍ਰਸ਼ਾਸਨ ਤੇ ਖੇਤੀਬਾੜੀ ਵਿਭਾਗ ਵੱਲੋਂ ਪਰਾਲੀ ਨੂੰ ਅੱਗ ਤੋਂ ਬਚਾਉਣ ਲਈ ਜ਼ਿਲ੍ਹੇ ਵਿੱਚ ਲਗਾਏ ਜਾ ਰਹੇ ਹਨ ਕਿਸਾਨ ਜਾਗਰੂਕਤਾ ਕੈਂਪ

**ਸ੍ਰੀ ਮੁਕਤਸਰ ਸਾਹਿਬ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਤੇ ਖੇਤੀਬਾੜੀ ਵਿਭਾਗ ਵੱਲੋਂ ਪਰਾਲੀ ਨੂੰ ਅੱਗ ਤੋਂ ਬਚਾਉਣ ਲਈ ਜੰਗੀ ਪੱਧਰ ਤੇ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਵਾਤਾਵਰਣ ਨੂੰ ਗੰਧਲਾ ਹੋਣ ਤੋਂ ਬਚਾਇਆ ਜਾ ਸਕੇ।

ਇਸ ਸਬੰਧ ਵਿੱਚ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਫਕਰਸਰ, ਲਾਲਬਾਈ, ਮਾਨ, ਮਹਿਣਾ ਅਤੇ ਚੱਕ ਚਿੱਬੜਾਂਵਾਲੀ ਵਿਖੇ ਸ੍ਰੀ ਗੁਰਪ੍ਰੀਤ ਸਿੰਘ ਥਿੰਦ ਵਧੀਕ ਡਿਪਟੀ ਕਮਿਸ਼ਨਰ ਜਨਰਲ ਦੀ ਪ੍ਰਧਾਨਗੀ ਹੇਠ ਕਿਸਾਨ




ਜਾਗਰੂਕਤਾ ਕੈਂਪਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਉਹਨਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਝੋਨੇ ਅਤੇ ਬਾਸਮਤੀ ਦੀ ਪਰਾਲੀ ਦਾ ਆਧੁਨਿਕ ਤਰੀਕੇ ਨਾਲ ਪ੍ਰਬੰਧਨ ਕਰਨ ਅਤੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਵਿੱਚ ਆਪਣਾ ਅਹਿਮ ਯੋਗਦਾਨ ਪਾਉਣ ਤਾਂ ਜੋ ਸਾਨੂੰ ਆਕਸੀਜਨ ਦੀ ਕਮੀ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਤੇ ਖੇਤੀਬਾੜੀ ਵਿਭਾਗ ਵੱਲੋਂ ਪਰਾਲੀ ਪ੍ਰਬੰਧਨ ਸਬੰਧੀ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਸਬੰਧੀ ਵੀ ਜਾਣਕਾਰੀ ਦਿੱਤੀ ਅਤੇ ਆਧੁਨਿਕ ਖੇਤੀ ਮਸ਼ੀਨਰੀ ਸੰਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਐਸ.ਪੀ. (ਐਚ) ਸ਼੍ਰੀ ਕੰਵਲਪ੍ਰੀਤ ਸਿੰਘ ਚਾਹਲ, ਸ੍ਰੀ ਕਰਨਜੀਤ ਸਿੰਘ (ਆਤਮਾ), ਪ੍ਰਦੂਸ਼ਣ ਕੰਟਰੋਲ ਬੋਰਡ ਦੇ ਨੁਮਾਂਇੰਦੇ, ਖੇਤੀਬਾੜੀ ਵਿਕਾਸ ਅਫ਼ਸਰ ਸ੍ਰੀ ਅਮਨਪਾਲ, ਸ੍ਰੀ ਨਰਿੰਦਰ ਪਾਲ ਅਤੇ ਸ੍ਰੀ ਮਨਮੀਤ ਸਿੰਘ ਤੋਂ ਇਲਾਵਾ ਪਤਵੰਤੇ ਵਿਅਕਤੀ ਵੀ ਮੌਜੂਦ ਸਨ।

# ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਸਾਰੇ ਪ੍ਰਬੰਧ ਮੁਕੰਮਲ : ਸਕੱਤਰ ਮਾਰਕਿਟ ਕਮੇਟੀ




**ਬਠਿੰਡਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੱਤਰ ਮਾਰਕਿਟ ਕਮੇਟੀ ਸ੍ਰੀ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਬਠਿੰਡਾ ਅਧੀਨ ਕੁੱਲ 15 ਮੰਡੀਆਂ ਪੈਂਦੀਆਂ ਹਨ।

ਜਿਨ੍ਹਾਂ ਵਿੱਚ ਸਫਾਈ, ਬਿਜਲੀ, ਪਾਣੀ ਅਤੇ ਛਾਂ ਆਦਿ ਦੇ ਸਾਰੇ ਪ੍ਰਬੰਧ ਮੁਕੰਮਲ ਹੋ ਚੁੱਕੇ ਹਨ।

ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨਾ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

ਉਹਨਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 17 ਫ਼ੀਸਦੀ ਨਮੀ ਵਾਲੇ ਝੋਨੇ ਦੀ ਖਰੀਦ ਕੀਤੀ ਜਾਣੀ ਹੈ।

ਇਸ ਲਈ ਝੋਨਾ ਪੂਰੀ ਤਰ੍ਹਾਂ ਸੁਕਾਉਣ ਉਪਰੰਤ ਹੀ ਮੰਡੀ ਵਿੱਚ ਲੈ ਕੇ ਆਉਣ ਤਾਂ ਜੋ ਜਿਨਸ ਦੀ ਬੋਲੀ ਕਰਵਾਉਣ ਸਮੇਂ ਕੋਈ ਸਮੱਸਿਆ ਨਾ ਆਵੇ।

# ਵਿਧਾਇਕ ਜਿੰਪਾ ਨੇ ਮੁਹੱਲਾ ਮਾਡਲ ਟਾਊਨ ’ਚ ਸੜਕ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

**ਹੁਸ਼ਿਆਰਪੁਰ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਵਾਰਡ ਨੰਬਰ 46 ਦੇ ਮੁਹੱਲਾ ਮਾਡਲ ਟਾਊਨ ਵਿਚ ਸੜਕ ਨਿਰਮਾਣ ਕਾਰਜ ਦੀ ਰਸਮੀ ਤੌਰ ‘ਤੇ ਸ਼ੁਰੂਆਤ ਕੀਤੀ। ਇਹ ਸੜਕ ਗੁਰੂਦੁਆਰਾ ਸ੍ਰੀ ਕਲਗੀਧਰ ਸਾਹਿਬ ਤੋਂ ਟਾਂਡਾ ਬਾਈਪਾਸ ਤੱਕ ਬਣਾਈ ਜਾਵੇਗੀ, ਜਿਸ ਦੀ ਕੁੱਲ ਲਾਗਤ 20.25 ਲੱਖ ਰੁਪਏ ਹੋਵੇਗੀ। ਇਸ ਸੜਕ ਦਾ ਨਿਰਮਾਣ 2400 ਫੁੱਟ ਇਲਾਕੇ ਨੂੰ ਕਵਰ ਕਰੇਗੀ, ਜਿਸ ਨਾਲ ਸਥਾਨਕ ਨਿਵਾਸੀਆਂ ਨੂੰ ਬਿਹਤਰ ਸੜਕ ਸੁਵਿਧਾ ਮਿਲੇਗੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤਾ ਚੌਧਰੀ, ਕੌਂਸਲਰ ਵਿਜੇ ਅਗਰਵਾਲ, ਅਵਤਾਰ ਸਿੰਘ ਕਪੂਰ, ਕਮਲਜੀਤ ਘੰਮਾ ਅਤੇ ਨਗਰ ਨਿਗਮ ਦੇ ਅਧਿਕਾਰੀ ਵੀ ਮੌਜੂਦ ਸਨ।

ਪ੍ਰੋਗਰਾਮ ਦੌਰਾਨ ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਸੜਕ ਇਲਾਕੇ ਦੇ ਵਿਕਾਸ ਦੀ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਹੈ ਅਤੇ ਇਸ ਨਾਲ ਸਥਾਨਕ ਲੋਕਾਂ ਦੀ ਆਵਾਜਾਈ ਸਬੰਧੀ ਸਮੱਸਿਆ ਦਾ ਹੱਲ ਹੋਵੇਗਾ। ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਨਿਰਮਾਣ ਕਾਰਜ ਵਿਚ ਗੁਣਵੱਤਾ ਸਮੱਗਰੀ ਦਾ ਉਪਯੋਗ ਯਕੀਨੀ ਬਣਾਇਆ ਜਾਵੇ, ਤਾਂ ਜੋ ਸੜਕ ਲੰਬੇ ਸਮੇਂ ਤੱਕ ਟਿਕਾਊ ਅਤੇ ਮਜ਼ਬੂਤ ਰਹੇ। ਵਿਧਾਇਕ ਨੇ ਕਿਹਾ ਕਿ ਸੂਬਾ ਸਕਰਾਰ ਦੀ ਪਹਿਲ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅਤੇ ਪ੍ਰਭਾਵੀ ਤਰੀਕੇ ਨਾਲ ਪੂਰਾ ਕਰਨਾ ਹੈ, ਜਿਸ ਨਾਲ ਨਾਗਰਿਕਾਂ ਨੂੰ ਬੁਨਿਆਦੀ ਸੁਵਿਧਾਵਾਂ ਵਿਚ ਸੁਧਾਰ ਮਿਲੇ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਸ਼ਹਿਰ ਦੇ ਹੋਰ ਇਲਾਕਿਆਂ ਵਿਚ ਵੀ ਕਿਸਾਸ ਕਾਰਜ ਕੀਤੇ ਜਾਣਗੇ, ਤਾਂ ਜੋ ਖੇਤਰ ਦੇ ਬੁਨਿਆਦੀ ਢਾਂਚੇ ਵਿਚ ਹੋਰ ਸੁਧਾਰ ਕੀਤਾ ਜਾ ਸਕੇ।

# ਪੰਚਾਇਤੀ ਚੋਣਾਂ 2024 ਦੇ ਮੱਦੇਨਜ਼ਰ ਕੋਈ ਵੀ ਅਧਿਕਾਰੀ/ਕਰਮਚਾਰੀ ਬਿਨ੍ਹਾ ਇਜਾਜਤ ਤੋਂ ਛੁੱਟੀ ਨਹੀਂ ਕਰੇਗਾ ਅਤੇ ਨਾਂ ਹੀ ਸਟੇਸ਼ਨ ਛੱਡੇਗਾ - ਐੱਸ.ਡੀ.ਐੱਮ

**ਬਟਾਲਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਵਿਕਰਮਜੀਤ ਸਿੰਘ, ਐੱਸ.ਡੀ.ਐੱਮ ਕਮ- ਚੋਣਕਾਰ ਰਜਿਸਟਰੇਸ਼ਨ ਅਫਸਰ (ਪੰਚਾਇਤ ਚੋਣਾ) ਬਟਾਲਾ ਵੱਲੋਂ ਜਾਰੀ ਕੀਤੇ

ਇੱਕ ਹੁਕਮ ਵਿੱਚ ਦੱਸਿਆ ਗਿਆ ਕਿ ਪੰਚਾਇਤੀ ਚੋਣਾਂ 2024 ਦੇ ਮੱਦੇ ਨਜਰ ਤਹਿਸੀਲ ਬਟਾਲਾ ਦੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਕੋਈ ਵੀ ਅਧਿਕਾਰੀ/ਕਰਮਚਾਰੀ ਪੰਚਾਇਤੀ ਚੋਣਾਂ 2024 ਦੀ ਚੋਣ ਪ੍ਰਕਿਰਿਆ ਖਤਮ ਹੋਣ ਤੱਕ ਇਜਾਜਤ ਤੋਂ ਬਿਨਾਂ ਛੁੱਟੀ ਨਹੀਂ ਕਰੇਗਾ ਅਤੇ ਨਾਂ ਹੀ ਬਿਨਾ ਇਜਾਜਤ ਸਟੇਸ਼ਨ ਛੱਡੇਗਾ।

ਨਾ ਟਾਲਣਯੋਗ ਮੈਡੀਕਲ ਜਾਂ ਹੋਰ ਗੰਭੀਰ ਸਮੱਸਿਆ ਹੋਣ ਤੇ ਕੋਈ ਵੀ ਅਧਿਕਾਰੀ/ਕਰਮਚਾਰੀ ਛੁੱਟੀ ਮਨਜ਼ੂਰ ਕਰਵਾਕੇ ਛੁੱਟੀ ਤੇ ਜਾਵੇਗਾ।

ਹੁਕਮਾਂ ਵਿੱਚ ਅੱਗੇ ਕਿਹਾ ਗਿਆ ਹੈ ਕਿ ਕਿਸੇ ਵੀ ਅਧਿਕਾਰੀ/ਕਰਮਚਾਰੀ ਵੱਲੋਂ ਚੋਣ ਪ੍ਰਕਿਰਿਆ ਖਤਮ ਹੋਣ ਤੱਕ ਆਪਣਾ ਫੋਨ ਹਰ ਹਾਲਤ ਵਿੱਚ ਚਾਲੂ ਰੱਖਿਆ ਜਾਵੇ। ਇਹ ਹੁਕਮ ਤੁਰੰਤ ਲਾਗੂ ਕੀਤੇ ਜਾਂਦੇ ਹਨ। ਅਣਗਹਿਲੀ ਦੀ ਸੂਰਤ ਵਿੱਚ ਚੋਣ ਨਿਯਮਾਂ ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਕੋਈ ਵੀ ਅਧਿਕਾਰੀ/ਕਰਮਚਾਰੀ ਪੰਚਾਇਤੀ ਚੋਣਾਂ 2024 ਦੀ ਚੋਣ ਪ੍ਰਕਿਰਿਆ ਖਤਮ ਹੋਣ ਤੱਕ ਇਜਾਜਤ ਤੋਂ ਬਿਨਾਂ ਛੁੱਟੀ ਨਹੀਂ ਕਰੇਗਾ ਅਤੇ ਨਾਂ ਹੀ ਬਿਨਾ ਇਜਾਜਤ ਸਟੇਸ਼ਨ ਛੱਡੇਗਾ। ਨਾ ਟਾਲਣਯੋਗ ਮੈਡੀਕਲ ਜਾਂ ਹੋਰ ਗੰਭੀਰ ਸਮੱਸਿਆ ਹੋਣ ਤੇ ਕੋਈ ਵੀ ਅਧਿਕਾਰੀ/ਕਰਮਚਾਰੀ ਛੁੱਟੀ ਮਨਜ਼ੂਰ ਕਰਵਾਕੇ ਛੁੱਟੀ ਤੇ ਜਾਵੇਗਾ।

# ਖੇਤੀਬਾੜੀ

*ਫ਼ਸਲਾਂ ਦੇ ਮਿਆਰੀ ਉਤਪਾਦਨ ਲਈ ਦੋ ਤੋਂ ਤਿੰਨ ਸਾਲ ਬਾਅਦ ਖੇਤ ਦੀ ਮਿੱਟੀ ਦੀ ਪਰਖ ਜ਼ਰੂਰ ਕਰਵਾਉਣੀ ਚਾਹੀਦੀ ਹੈ। ਇਸੇ ਪਰਖ ਦੇ ਆਧਾਰ 'ਤੇ ਹੀ ਖੇਤ ਵਿਚ ਸੂਖ਼ਮ ਤੱਤਾਂ ਅਤੇ ਖਾਦਾਂ ਦੀ ਮਾਤਰਾ ਨਿਰਧਾਰਤ ਕੀਤੀ ਜਾਂਦੀ ਹੈ...*



## ਮਿੱਟੀ ਪਰਖ ਲਾਹੇਵੰਦ ਖੇਤੀ ਵੱਲ ਇਕ ਕਦਮ

• ਨੇਹਾ ਬੱਤਰਾ, ਜਤਿੰਦਰ ਮੰਨਣ

ਵਧਦੀ ਹੋਈ ਜਨਸੰਖਿਆ ਦੀ ਮੰਗ ਨੂੰ ਪੂਰਾ ਕਰਨ ਲਈ ਜ਼ਿਆਦਾ ਝਾੜ ਲੈਣਾ ਬੇਹੱਦ ਜ਼ਰੂਰੀ ਹੈ। ਜਿਸ ਤਰ੍ਹਾਂ ਤੰਦਰੁਸਤ ਰਹਿਣ ਲਈ ਸਾਨੂੰ ਤਰ੍ਹਾਂ-ਤਰ੍ਹਾਂ ਦੀ ਖ਼ੁਰਾਕ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਹੀ ਤੰਦਰੁਸਤ ਮਿੱਟੀ ਲਈ ਉਸ ਵਿਚ ਮੌਜੂਦ ਤੱਤਾਂ ਦੀ ਜਾਂਚ ਕਰਨੀ ਬਹੁਤ ਜ਼ਰੂਰੀ ਹੈ। ਮਿੱਟੀ ਪਰਖ ਉਹ ਰਸਾਇਣਕ ਵਿਧੀ ਹੈ ਜਿਸ ਤੋ ਸਾਨੂੰ ਮਿੱਟੀ ਦੀ ਉਪਜਾਊ ਸ਼ਕਤੀ ਜਾਂ ਉਸ 'ਚ ਮੌਜੂਦ ਤੱਤਾਂ ਦੀ ਮਾਤਰਾ ਬਾਰੇ ਸਹੀ ਜਾਣਕਾਰੀ ਮਿਲਦੀ ਹੈ, ਜਿਸ ਨਾਲ ਆਉਣ ਵਾਲੀ ਫ਼ਸਲ ਦੀ ਚੰਗੀ ਪੈਦਾਵਾਰ ਲੈਣ ਲਈ ਤੱਤਾਂ ਤੇ ਖਾਦਾਂ ਦੀ ਸਹੀ ਮਾਤਰਾ ਨਿਰਧਾਰਤ ਕੀਤੀ ਜਾ ਸਕਦੀ ਹੈ। ਕਈ ਵਾਰ ਘੱਟ ਝਾੜ ਦਾ ਕਾਰਨ ਮਿੱਟੀ ਵਿਚ ਲੋੜੀਂਦੇ ਤੱਤਾਂ ਤੋਂ ਇਲਾਵਾ ਕੁਝ ਹੋਰ ਵੀ ਹੋ ਸਕਦਾ ਹੈ ਜਿਵੇਂ ਲੂਣੀਆਂ ਜਾਂ ਖਾਰੀਆਂ ਜ਼ਮੀਨਾਂ।ਵੀ ਉਤਪਾਦਨ 'ਚ ਗਿਰਾਵਟ ਦਾ ਕਾਰਨ ਬਣ ਸਕਦੀਆਂ ਹਨ। ਮਿੱਟੀ ਪਰਖ ਦੌਰਾਨ ਇਨ੍ਹਾਂ ਤੱਤਾਂ ਦੀ ਜਾਂਚ ਕੀਤੀ ਜਾਂਦੀ ਹੈ:

### ਖਾਰੀ ਅੰਗ

ਇਸ ਤੋਂ ਮਿੱਟੀ ਦੇ ਤੇਜ਼ਾਬੀ ਅਤੇ ਖਾਰੇਪਣ ਬਾਰੇ ਪਤਾ ਲੱਗਦਾ ਹੈ। ਮਿੱਟੀ ਵਿਚ ਇਸ ਦੀ ਮਾਤਰਾ 6.5 ਤੋਂ 8.7 ਹੋਣੀ ਚਾਹੀਦੀ ਹੈ ਜੋ ਕਿ ਫ਼ਸਲ ਦੇ ਵਾਧੇ ਲਈ ਲਾਹੇਵੰਦ ਮੰਨੀ ਜਾਂਦੀ ਹੈ। ਜੇ ਇਸ ਦੀ ਮਾਤਰਾ 8.8-9.3 ਹੋਵੇ ਤਾਂ ਉਸ ਨੂੰ 'ਖਾਰੀ ਮਿੱਟੀ' ਕਿਹਾ ਜਾਂਦਾ ਹੈ ਅਤੇ ਇਸ ਨੂੰ ਦੂਰ ਕਰਨ ਲਈ ਰੂੜੀ ਦੀ ਖਾਦ ਜਾਂ ਹਰੀ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ। ਜੇ ਇਹ ਮਾਤਰਾ 9.3 ਤੋ ਵੱਧ ਹੋਵੇ ਤਾਂ ਮਿੱਟੀ ਵਿਚ 'ਕਾਲਾ ਕੱਲਰ' ਹੋਣ ਦੀ ਸੰਭਾਵਨਾ ਹੈ ਅਤੇ ਅਜਿਹੀ ਸਥਿਤੀ ਵਿਚ ਖੇਤ 'ਚ ਜਿਪਸਮ ਪਾਉਣ ਦੀ ਲੋੜ ਹੁੰਦੀ ਹੈ।

**ਉਪਲਬਧ ਪੋਟਾਸ਼ੀਅਮ**

*ਜੇ ਮਿੱਟੀ ਵਿਚ ਪੋਟਾਸ਼ 33 ਕਿੱਲੋ ਪ੍ਰਤੀ ਏਕੜ ਤੋਂ ਘੱਟ ਹੈ ਤਾਂ ਅਜਿਹੀ ਜ਼ਮੀਨ ਵਿਚ ਪੋਟਾਸ਼ ਦੀ ਘਾਟ ਹੁੰਦੀ ਹੈ ਤੇ ਅਜਿਹੀਆਂ ਜ਼ਮੀਨਾਂ ਵਿਚ ਪੋਟਾਸ਼ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਆਮ ਤੌਰ 'ਤੇ ਕਿਸਾਨ ਪੋਟਾਸ਼ ਦੀ ਵਰਤੋਂ ਨਹੀਂ ਕਰਦੇ ਜਿਸ ਨਾਲ ਫ਼ਸਲਾਂ ਤੋਂ ਪੂਰਾ ਝਾੜ ਨਹੀਂ ਮਿਲਦਾ।*

### ਨਮਕੀਨ ਪਦਾਰਥ

ਪਰਖ ਦੌਰਾਨ ਮਿੱਟੀ ਵਿਚ ਮੌਜੂਦ ਨਮਕੀਨ ਪਦਾਰਥ ਦਾ ਵੀ ਪਤਾ ਲਗਾਇਆ ਜਾਂਦਾ ਹੈ ਅਤੇ ਇਸ ਦੀ ਇਕਾਈ 0.9 ਤੋਂ ਘੱਟ ਹੋਣੀ ਚਾਹੀਦੀ ਹੈ ਜੋ ਕਿ ਫ਼ਸਲ ਲਈ ਠੀਕ ਮੰਨੀ ਜਾਂਦੀ ਹੈ। ਜੇ ਇਹ ਇਕਾਈ 0.8 ਤੋਂ ਵੱਧ ਹੈ ਤਾਂ ਮਿੱਟੀ ਵਿਚ 'ਚਿੱਟਾ ਕੱਲਰ' ਹੈ। ਇਨ੍ਹਾਂ ਜ਼ਮੀਨਾਂ ਵਿਚ ਆਮ ਜ਼ਮੀਨਾਂ ਨਾਲੋਂ 25 ਫ਼ੀਸਦੀ ਵਧੇਰੇ ਨਾਈਟਰੋਜਨ ਖਾਦ ਦੀ ਲੋੜ ਹੁੰਦੀ ਹੈ ਅਤੇ ਇਨ੍ਹਾਂ ਵਿਚ ਜੈਵਿਕ ਖਾਦਾਂ/ਹਰੀਆਂ ਖਾਦਾਂ/ਫ਼ਸਲਾਂ ਦੀ ਰਹਿੰਦ-ਖੂੰਹਦ ਪਾਉਣਾ ਲਾਭਦਾਇਕ ਹੁੰਦਾ ਹੈ।



*ਬਹੁਤ ਜ਼ਿਆਦਾ ਫਾਸਫੋਰਸ ਵਾਲੀਆਂ ਜ਼ਮੀਨਾਂ ਵਿਚ ਫਾਸਫੋਰਸ ਖਾਦ ਪਾਉਣ ਦੀ ਬਿਲਕੁਲ ਜ਼ਰੂਰਤ ਨਹੀਂ ਹੁੰਦੀ ਪਰ ਅਜਿਹੀਆਂ ਜ਼ਮੀਨਾਂ ਦਾ **2 ਤੋਂ 3 ਸਾਲ** ਬਾਅਦ ਟੈਸਟ ਜ਼ਰੂਰ ਕਰਵਾ ਲੈਣਾ ਚਾਹੀਦਾ ਹੈ...*

### ਜੈਵਿਕ ਕਾਰਬਨ

ਮਿੱਟੀ ਪਰਖ ਪ੍ਰਯੋਗਸ਼ਾਲਾ ਵਿਚ ਨਾਈਟਰੋਜਨ ਖਾਦ ਦੀ ਸਿਫਾਰਸ਼ ਜੈਵਿਕ ਕਾਰਬਨ ਦੀ ਮਾਤਰਾ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਜੈਵਿਕ ਕਾਰਬਨ ਦੀ ਮਾਤਰਾ ਅਨੁਸਾਰ ਜ਼ਮੀਨਾਂ ਨੂੰ ਘੱਟ (0.40 ਫ਼ੀਸਦੀ ਤੋਂ ਘੱਟ), ਦਰਮਿਆਨੀਆਂ (0.40 ਤੋਂ 0.75 ਫ਼ੀਸਦੀ) ਅਤੇ ਵੱਧ (0.75 ਫ਼ੀਸਦੀ ਤੋਂ ਵੱਧ) ਨਾਈਟ੍ਰੋਜਨ ਵਾਲੀਆਂ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ। ਦਰਮਿਆਨੇ ਦਰਜੇ ਦੀਆਂ ਜ਼ਮੀਨਾਂ ਵਾਸਤੇ ਖਾਦਾਂ ਦੀ ਸਿਫਾਰਸ਼ ਦੇ ਮੁਕਾਬਲੇ, ਘੱਟ ਦਰਜੇ ਵਾਲੀਆਂ ਜ਼ਮੀਨਾਂ ਵਿਚ 25 ਫ਼ੀਸਦੀ ਜ਼ਿਆਦਾ ਅਤੇ ਵੱਧ ਦਰਜੇ ਵਾਲੀਆਂ ਜ਼ਮੀਨਾਂ ਵਿਚ 25 ਫ਼ੀਸਦੀ ਘੱਟ ਨਾਈਟ੍ਰੋਜਨ ਵਰਤਣ ਦੀ ਸਿਫਾਰਸ਼ ਕੀਤੀ ਗਈ ਹੈ।

### ਉਪਲਬਧ ਫਾਸਫੋਰਸ

ਜ਼ਮੀਨ ਵਿਚਲੀ ਫਾਸਫੋਰਸ ਦੇ ਆਧਾਰ 'ਤੇ ਮਿੱਟੀ ਨੂੰ 4 ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ। ਇਹ ਸ਼੍ਰੇਣੀਆਂ ਹਨ : ਘੱਟ (5 ਕਿੱਲੋ/ਏਕੜ ਤੋ ਘੱਟ), ਦਰਮਿਆਨੀ (5-9 ਕਿੱਲੋ/ਏਕੜ), ਵੱਧ (9-20 ਕਿੱਲੋ/ ਏਕੜ) ਅਤੇ ਬਹੁਤ ਜ਼ਿਆਦਾ (20 ਕਿੱਲੋ ਪ੍ਰਤੀ ਏਕੜ ਤੋਂ ਵੱਧ)। ਘੱਟ ਫਾਸਫੋਰਸ ਵਾਲੀਆਂ ਜ਼ਮੀਨਾਂ ਵਿਚ ਦਰਮਿਆਨੀਆਂ ਜ਼ਮੀਨਾਂ ਲਈ ਸਿਫਾਰਿਸ਼ ਕੀਤੀ ਮਾਤਰਾਂ 25 ਫ਼ੀਸਦੀ ਵੱਧ ਖਾਦ ਪਾਉਣ ਦੀ ਲੋੜ ਹੁੰਦੀ ਹੈ ਅਤੇ ਵੱਧ ਫਾਸਫੋਰਸ ਵਾਲੀਆਂ ਜ਼ਮੀਨਾਂ ਵਿਚ ਖਾਦ ਦੀ ਮਾਤਰਾ 25 ਫ਼ੀਸਦੀ ਘਟਾ ਦੇਵੋ। ਬਹੁਤ ਜ਼ਿਆਦਾ ਫਾਸਫੋਰਸ ਵਾਲੀਆਂ ਜ਼ਮੀਨਾਂ ਵਿਚ ਫਾਸਫੋਰਸ ਖਾਦ ਪਾਉਣ ਦੀ ਬਿਲਕੁਲ ਜ਼ਰੂਰਤ ਨਹੀਂ ਹੁੰਦੀ ਪਰ ਅਜਿਹੀਆਂ ਜ਼ਮੀਨਾਂ ਨੂੰ 2 ਤੋਂ 3 ਸਾਲ ਬਾਅਦ ਟੈਸਟ ਜ਼ਰੂਰ ਕਰਵਾ ਲੈਣਾ ਚਾਹੀਦਾ ਹੈ।

### ਛੋਟੇ ਤੱਤ

ਵੱਡੇ ਤੱਤਾਂ ਦੇ ਨਾਲ-ਨਾਲ ਪੰਜਾਬ ਵਿਚ ਛੋਟੇ ਤੱਤਾਂ ਦੀ ਘਾਟ ਵੀ ਜ਼ਮੀਨਾਂ ਵਿਚ ਆਮ ਵੇਖਣ ਨੂੰ ਮਿਲਦੀ ਹੈ। ਆਮ ਤੌਰ 'ਤੇ ਫ਼ਸਲਾਂ ਉੱਪਰ ਜ਼ਿੰਕ, ਮੈਗਨੀਜ਼ ਤੇ ਲੋਹੇ ਦੀ ਘਾਟ ਦੀਆਂ ਨਿਸ਼ਾਨੀਆ ਮਿਲ ਜਾਂਦੀਆਂ ਹਨ। ਇਸ ਲਈ ਵੱਡੇ ਤੱਤਾਂ ਦੇ ਨਾਲ-ਨਾਲ ਛੋਟੇ ਤੱਤਾਂ ਦੀ ਪਰਖ ਵੀ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਮਿੱਟੀ ਪਰਖ ਅਨੁਸਾਰ ਜੇਕਰ ਜ਼ਿੰਕ-0.6 ਕਿੱਲੋਗ੍ਰਾਮ/ਏਕੜ, ਲੋਹਾ-4.5 ਕਿੱਲੋਗ੍ਰਾਮ/ਏਕੜ, ਮੈਗਨੀਜ਼- 3.5 ਕਿੱਲੋਗ੍ਰਾਮ/ਏਕੜ ਅਤੇ ਤਾਂਬਾ 0.2 ਕਿੱਲੋਗ੍ਰਾਮ/ਏਕੜ ਤੋਂ ਘੱਟ ਹੈ ਤਾਂ ਇਨ੍ਹਾਂ ਤੱਤਾਂ ਦੀ ਘਾਟ ਕਾਰਨ ਫ਼ਸਲ ਝਾੜ ਘਟ ਜਾਂਦਾ ਹੈ। ਇਸ ਲਈ ਮਿੱਟੀ ਪਰਖ ਵਿਚ ਵੱਡੇ ਤੱਤਾਂ ਦੇ ਨਾਲ-ਨਾਲ ਛੋਟੇ ਤੱਤਾਂ ਦੀ ਪਰਖ ਵੀ ਜ਼ਰੂਰ ਕਰਵਾਉਣੀ ਚਾਹੀਦੀ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਜਿਵੇਂ ਅਸੀਂ ਆਪਣੇ ਸਰੀਰ ਵਿਚ ਕੋਈ ਤਕਲੀਫ਼ ਹੋਣ 'ਤੇ ਇਲਾਜ ਲਈ ਡਾਕਟਰ ਕੋਲ ਜਾਂਦੇ ਹਾਂ ਅਤੇ ਬਿਮਾਰੀ ਦੀ ਸ਼ਿਨਾਖ਼ਤ ਲਈ ਲੋੜੀਂਦੇ ਟੈਸਟ ਕਰਵਾਉਂਦੇ ਹਾਂ, ਉਸੇ ਤਰ੍ਹਾਂ ਜ਼ਮੀਨ ਨੂੰ ਸਿਹਤਮੰਦ ਰੱਖਣ ਲਈ ਮਿੱਟੀ ਪਰਖ ਪ੍ਰਯੋਗਸ਼ਾਲਾ ਵਿਚ ਮਿੱਟੀ ਦੀ ਪਰਖ ਜ਼ਰੂਰ ਕਰਵਾਉਣੀ ਚਾਹੀਦੀ ਹੈ। ਕਿਸਾਨਾਂ ਨੂੰ ਇਸ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ ਤੇ ਹਰ ਦੋ ਸਾਲ ਬਾਅਦ ਖੇਤ ਦੀ ਮਿੱਟੀ ਪਰਖ ਜ਼ਰੂਰ ਕਰਵਾਉਣੀ ਚਾਹੀਦੀ ਹੈ।

## ਸਦਾ ਬਹਾਰ ਫ਼ਲਦਾਰ ਬੂਟੇ ਲਾਉਣ ਦਾ ਢੁੱਕਵਾਂ ਸਮਾਂ

• ਡਾ. ਰਣਜੀਤ ਸਿੰਘ



ਬਰਸਾਤ ਠੀਕ ਪੈ ਰਹੀ ਹੈ। ਉਮੀਦ ਹੈ ਝੋਨੇ ਦੀ ਫ਼ਸਲ ਵਧੀਆ ਹੋਵੇਗੀ ਅਤੇ ਪਾਣੀ ਦੇਣ ਦੀ ਵੀ ਬਹੁਤੀ ਲੋੜ ਨਹੀਂ ਪੈਣ ਲੱਗੀ। ਨਰਮੇ ਉਤੇ ਚਿੱਟੀ ਮੱਖੀ ਵੀ ਕਾਬੂ ਹੇਠ ਹੈ। ਸਾਉਣੀ ਦੀਆਂ ਸਾਰੀਆਂ ਫ਼ਸਲਾਂ ਦੀ ਬਿਜਾਈ ਪੂਰੀ ਹੋ ਚੁੱਕੀ ਹੈ। ਜੇ ਤੁਹਾਡੇ ਕੋਲ ਕੁਝ ਵਿਹਲ ਹੈ ਤਾਂ ਇਹ ਮੌਸਮ ਨਵੇਂ ਪੌਦੇ ਲਗਾਉਣ ਲਈ ਬਹੁਤ ਢੁੱਕਵਾਂ ਹੈ।

ਸਦਾ ਬਹਾਰ ਫ਼ਲਦਾਰ ਬੂਟੇ ਲਾਉਣ ਲਈ ਹੁਣ ਢੁੱਕਵਾਂ ਸਮਾਂ ਹੈ। ਪੰਜਾਬ ਵਿੱਚ ਕਿੰਨੋਂ, ਅਮਰੂਦ, ਬੇਰ, ਅੰਬ, ਨਿੰਬੂ, ਆਦਿ ਬੂਟੇ ਹੁਣ ਲਾਏ ਜਾ ਸਕਦੇ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਕਿੰਨੂ ਦੀ ਇੱਕ ਨਵੀਂ ਕਿਸਮ ਪੀਏਯੂ ਕਿੰਨੂ-1 ਤਿਆਰ ਕੀਤੀ ਗਈ ਹੈ। ਵਲੈਨਸ਼ੀਆ, ਮੁਸੰਮੀ, ਜਾਫ਼ਾ, ਬਲੱਡ ਰੈਡ ਮਾਲਟੇ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਸਟਾਰਰੂਬੀ, ਰੈਡਬਲੱਸ਼, ਮਾਰਸ਼ਸੀਡਲੇਸ, ਡੰਕਨ ਅਤੇ ਫ਼ੋਸਟਰ ਅੰਗੂਰ ਫਲ ਦੀਆਂ ਕਿਸਮਾਂ ਹਨ। ਨਿੰਬੂ ਦੀਆਂ ਯੂਰੇਕਾ, ਪੰਜਾਬ ਬਾਰਾਮਾਸੀ ਨਿੰਬੂ ਅਤੇ ਪੀ.ਏ.ਯੂ. ਬਾਰਾਮਾਸੀ ਨਿੰਬੂ-1 ਕਿਸਮਾਂ ਹਨ।

ਅਮਰੂਦ ਲਗਭਗ ਹਰ ਥਾਂ ਹੀ ਹੋ ਜਾਂਦਾ ਹੈ। ਇਸ ਵਿੱਚ ਵਿਟਾਮਿਨ ਸੀ ਕਾਫ਼ੀ ਹੁੰਦਾ ਹੈ। ਪੰਜਾਬ ਵਿਚ ਕਾਸ਼ਤ ਲਈ ਸ਼ਵੇਤਾ, ਪੰਜਾਬ ਪਿੰਕ, ਅਰਕਾ ਅਮੁਲਿਆ, ਸਰਦਾਰ, ਅਲਾਹਾਬਾਦ ਸਫ਼ੈਦਾ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਇਸ ਵਿਚ ਬਹੁਤ ਖ਼ੁਰਾਕੀ ਤੱਤ, ਜਿਵੇਂ ਵਿਟਾਮਿਨ ਏ, ਬੀ, ਸੀ, ਕੈਲਸ਼ੀਅਮ, ਫ਼ਾਸਫ਼ੋਰਸ ਅਤੇ ਲੋਹਾ ਚੋਖੀ ਮਾਤਰਾ ਵਿੱਚ ਹੁੰਦੇ ਹਨ। ਪੰਜਾਬ ਵਿਚ ਕਾਸ਼ਤ ਲਈ ਅਲਫ਼ੈਜ਼ੋ, ਦੁਸਹਿਰੀ ਅਤੇ ਲੰਗੜਾ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਪੰਜਾਬ ਵਿਚ ਚੂਪਣ ਵਾਲੇ ਅੰਬਾਂ ਦੇ ਵਧੇਰੇ ਬਗੀਚੇ ਸਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਚੂਪਣ ਵਾਲੇ ਅੰਬਾਂ ਦੀਆਂ ਅੱਠ ਕਿਸਮਾਂ ਦੀ ਚੋਣ ਕੀਤੀ ਗਈ ਹੈ। ਇਹ ਹਨ; ਗੰਗੀਆਂ ਸੰਧੂਰੀ, ਜੀ.ਐੱਨ.-1, ਜੀ.ਐੱਨ.-2, ਜੀ.ਐੱਨ.-3, ਜੀ.ਐੱਨ.-4, ਜੀ.ਐੱਨ.-5, ਜੀ.ਐੱਨ.-6 ਅਤੇ ਜੀ.ਐੱਨ.-7; ਇਨ੍ਹਾਂ ਵਿੱਚੋਂ ਕਿਸੇ ਵੀ ਕਿਸਮ ਦੇ ਬੂਟੇ ਲਗਾਏ ਜਾ ਸਕਦੇ ਹਨ। ਕੋਸ਼ਿਸ਼ ਕਰੋ ਕਿ ਗੰਗੀਆਂ ਸੰਧੂਰੀ ਕਿਸਮ ਦਾ ਬੂਟਾ ਲਗਾਇਆ ਜਾਵੇ।

ਬੇਰਾਂ ਅਤੇ ਜਾਮਣਾ ਨੂੰ ਕਦੇ ਗਰੀਬਾਂ ਦੇ ਫ਼ਲ ਮੰਨਿਆ ਜਾਂਦਾ ਸੀ ਕਿਉਂਕਿ ਇਹ ਰੁੱਖ ਆਮ ਹੁੰਦੇ ਸਨ ਤੇ ਤੋੜਨ ਦੀ ਮਨਾਹੀ ਨਹੀਂ ਸੀ। ਹੁਣ ਇਹ ਦੋਵੇਂ ਫ਼ਲ ਸਭ ਤੋਂ ਮਹਿੰਗੇ ਹਨ। ਇਨ੍ਹਾਂ ਦੋਵਾਂ ਫ਼ਲਾਂ ਵਿੱਚ ਵੀ ਬਹੁਤ ਖ਼ੁਰਾਕੀ ਤੱਤ ਹੁੰਦੇ ਹਨ। ਜਾਮਣ ਦੀ ਕੋਈ ਕਿਸਮ ਵਿਕਸਿਤ ਨਹੀਂ ਹੋਈ। ਇਸ ਕਰਕੇ ਵਧੀਆ ਜਾਮਣਾਂ ਦੀਆਂ ਗਿਟਕਾਂ ਤੋਂ ਬੂਟੇ ਬਣਾਏ ਜਾ ਸਕਦੇ ਹਨ। ਬੇਰਾਂ ਦੀਆਂ ਵਲੈਤੀ, ਉਮਰਾਨ, ਸਨੋਰ-2 ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਲੀਚੀ ਦੇ ਬੂਟੇ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਸਫ਼ਲਤਾ ਨਾਲ ਲਗਾਏ ਜਾ ਸਕਦੇ ਹਨ। ਦੇਹਰਾਦੂਨ, ਕਲਕੱਤੀਆ ਅਤੇ ਸੀਡਲੈਸ ਲੇਟ ਵਧੀਆ ਕਿਸਮਾਂ ਹਨ। ਇਹ ਬੂਟੇ ਗਰਮੀ ਘਟ ਹੋਣ ਤੇ ਸਤੰਬਰ ਦੇ ਮਹੀਨੇ ਲਗਾਏ ਜਾਂਦੇ ਹਨ।

ਆਂਵਲੇ ਦੇ ਬੂਟੇ ਸਾਰੇ ਪੰਜਾਬ ਵਿੱਚ ਲਗਾਏ ਜਾ ਸਕਦੇ ਹਨ। ਬਲਵੰਤ, ਨੀਲਮ ਅਤੇ ਕੰਚਨ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਚੀਕੂ ਦਾ ਬੂਟਾ ਵੀ ਘਰ ਬਗੀਚੀ ਵਿੱਚ ਲਗਾਇਆ ਜਾ ਸਕਦਾ ਹੈ। ਕਾਲੀਪੱਤੀ ਅਤੇ ਕ੍ਰਿਕਟ ਬਾਲ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਲੁਕਾਠ ਦਾ ਇਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ। ਇਸ ਦਾ ਫ਼ਲ ਅਪਰੈਲ ਵਿੱਚ ਤਿਆਰ ਹੁੰਦਾ ਹੈ। ਉਦੋਂ ਮੰਡੀ ਵਿੱਚ ਬਹੁਤ ਘਟ ਫ਼ਲ ਹੁੰਦੇ ਹਨ। ਕੈਲੇਫੋਰਨੀਆਂ ਐਡਵਾਂਸ, ਗੋਲਡਨ ਯੈਲੋ ਅਤੇ ਪੇਲ ਯੈਲੋ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਪੌਦੇ ਲਗਾਉਣ ਲਈ ਹੁਣ ਸਫ਼ੈਦਾ, ਟਾਹਲੀ, ਤੂਤ, ਕਿੱਕਰ, ਡੇਕ, ਟੀਕ, ਸਾਗਵਾਨ, ਤੂੰਣ ਤੇ ਖੇਰ ਦੇ ਬੂਟੇ ਲਗਾਏ ਜਾ ਸਕਦੇ ਹਨ। ਬੂਟੇ ਵਣ ਵਿਭਾਗ ਜਾਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀ ਨਰਸਰੀ ਤੋਂ ਲਵੋ।



ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਮੱਕੀ ਦੀ ਬਿਜਾਈ ਹੁਣ ਕੀਤੀ ਜਾਵੇ ਤਾਂ ਇਸ ਦਾ ਝਾੜ ਵੱਧ ਪ੍ਰਾਪਤ ਹੁੰਦਾ ਅਤੇ ਇਸ ਨੂੰ ਬਿਮਾਰੀਆਂ ਵੀ ਘੱਟ ਲਗਦੀਆਂ ਹਨ। ਹੁਣ ਦੇ ਮੌਸਮ ਲਈ ਦੋਗਲੀਆਂ ਕਿਸਮਾਂ ਪੀ.ਐੱਮ.ਐੱਚ.-1 ਅਤੇ ਪੀ.ਐੱਮ.ਐੱਚ.-2 ਦੀ ਬਿਜਾਈ ਕੀਤੀ ਜਾਵੇ। ਪੀ.ਐੱਮ.ਐੱਚ.-1 ਦਾ ਝਾੜ ਵੱਧ ਹੈ ਪਰ ਇਹ ਪੱਕਣ ਲਈ ਕੋਈ 115 ਦਿਨ ਲਵੇਗੀ। ਜਦੋਂ ਕਿ ਪੀ.ਐੱਮ.ਐੱਚ.-2 ਕੇਵਲ 100 ਦਿਨਾਂ ਵਿੱਚ ਹੀ ਪੱਕ ਜਾਂਦੀ ਹੈ। ਜੇਕਰ ਵੱਟਾਂ ਉੱਤੇ ਬਿਜਾਈ ਕੀਤੀ ਜਾਵੇ ਤਾਂ ਪਾਣੀ ਦੀ ਬੱਚਤ ਵੀ ਹੁੰਦੀ ਹੈ ਅਤੇ ਫ਼ਸਲ ਦਾ ਬਰਸਾਤ ਨਾਲ ਨੁਕਸਾਨ ਵੀ ਘੱਟ ਹੁੰਦਾ ਹੈ। ਬੀਜ ਨੂੰ ਬਾਵਿਸਟਨ ਜਾਂ ਡੈਰੋਸਲ ਜਾਂ ਐਗਰੋਜ਼ਿਮ 50 ਡਬਲਯੂ ਪੀ ਨਾਲ ਸੋਧ ਲਵੋ। ਇੱਕ ਕਿਲੋ ਬੀਜ ਲਈ 3 ਗ੍ਰਾਮ ਜ਼ਹਿਰ ਵਰਤੋ। ਮੱਕੀ ਲਈ ਜੀਵਾਣੂ ਖਾਦ ਦਾ ਟੀਕਾ ਵੀ ਤਿਆਰ ਹੋ ਗਿਆ ਹੈ। ਬੀਜ ਨੂੰ ਸੋਧਣ ਪਿੱਛੋਂ ਕਨਸ਼ੋਰਸ਼ੀਅਮ ਦਾ ਟੀਕਾ ਲਗਾਕੇ ਬੀਜੋ। ਬੈਂਗਣਾਂ ਦੀ ਪਨੀਰੀ ਤਿਆਰ ਹੋ ਗਈ ਹੋਵੇਗੀ। ਉਸ ਨੂੰ ਪੁੱਟ ਕੇ ਖੇਤ ਵਿੱਚ ਲਗਾਉਣ ਲਈ ਇਹ ਢੁੱਕਵਾਂ ਸਮਾਂ ਹੈ। ਪੰਜਾਬ ਨੀਲਮ, ਪੀ ਬੀ ਐੱਚ ਆਰ-41, ਪੀ ਬੀ ਐੱਚ ਆਰ-42 ਅਤੇ ਬੀ.ਐੱਚ.-2 ਗੋਲ ਬੈਂਗਣਾਂ ਦੀਆਂ ਕਿਸਮਾਂ ਹਨ ਜਦੋਂ ਕਿ ਪੰਜਾਬ ਬਰਸਾਤੀ ਪੀ ਬੀ ਐੱਚ-4, ਪੀ ਬੀ ਐੱਚ ਐੱਲ-52 ਤੇ ਪੰਜਾਬ ਸਦਾ ਬਹਾਰ ਲੰਬੇ ਬੈਂਗਣਾਂ ਦੀਆਂ ਕਿਸਮਾਂ ਹਨ। ਪੀ.ਬੀ.ਐੱਚ.-3 ਅਤੇ ਪੰਜਾਬ ਨਗੀਨਾ ਬੈਂਗਣੀਂ (ਛੋਟੇ ਬੈਂਗਣ) ਦੀਆਂ ਕਿਸਮਾਂ ਹਨ। ਸਭ ਤੋਂ ਵੱਧ ਝਾੜ 270 ਕੁਇੰਟਲ ਪੀ.ਬੀ.ਐੱਚ.-4 ਕਿਸਮ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਟਮਾਟਰਾਂ ਦੀ ਪਨੀਰੀ ਨੂੰ ਪੁੱਟ ਕੇ ਖੇਤ ਵਿੱਚ ਲਗਾਉਣ ਦਾ ਹੁਣ ਢੁੱਕਵਾਂ ਸਮਾਂ ਹੈ। ਇਸ ਮੌਸਮ ਵਿੱਚ ਪੰਜਾਬ ਵਰਖਾ ਬਹਾਰ-1, ਪੰਜਾਬ ਵਰਖਾ ਬਹਾਰ-2 ਜਾਂ ਪੰਜਾਬ ਵਰਖਾ ਬਹਾਰ-4 ਕਿਸਮ ਦੀ ਕਾਸ਼ਤ ਕਰੋ। ਪੰਜਾਬ ਵਰਖਾ ਬਹਾਰ-4 ਕਿਸਮ ਤੋਂ 250 ਕੁਇੰਟਲ ਪ੍ਰਤੀ ਏਕੜ ਤੱਕ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਟਮਾਟਰਾਂ ਦੀਆਂ ਇਸ ਵਾਰ ਦੋ ਨਵੀਆਂ ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ। ਪੰਜਾਬ ਸੋਨਾ ਚੈਰੀ ਅਤੇ ਪੰਜਾਬ ਕੇਸਰ ਚੈਰੀ ਨਵੀਆਂ ਕਿਸਮਾਂ ਹਨ। ਇਨ੍ਹਾਂ ਤੋਂ 400 ਕੁਇੰਟਲ ਤੋਂ ਵੱਧ ਝਾੜ ਪ੍ਰਤੀ ਏਕੜ ਪ੍ਰਾਪਤ ਹੋ ਜਾਂਦਾ ਹੈ। ਖੇਤ ਤਿਆਰ ਕਰਕੇ ਸਮੇਂ ਕੋਈ 10 ਟਨ ਵਧੀਆ ਰੂੜੀ ਪ੍ਰਤੀ ਏਕੜ ਪਾਈ ਜਾਵੇ। ਇਸ ਦੇ ਨਾਲ ਹੀ ਬੂਟੇ ਲਗਾਉਣ ਤੋਂ ਪਹਿਲਾਂ 55 ਕਿਲੋ ਯੂਰੀਆ, 155 ਕਿਲੋ ਸੁਪਰ ਫ਼ਾਸਫ਼ੇਟ ਅਤੇ 45 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਪਾਈ ਜਾਵੇ।

ਪਿਆਜ਼ ਦੀ ਕਾਸ਼ਤ ਸਾਉਣੀ ਵਿਚ ਵੀ ਕੀਤੀ ਜਾ ਸਕਦੀ ਹੈ। ਜੇਕਰ ਪਨੀਰੀ ਤਿਆਰ ਹੈ ਤਾਂ ਖੇਤ ਵਿਚ ਲਗਾਉਣ ਲਈ ਇਹ ਢੁਕਵਾਂ ਸਮਾਂ ਹੈ। ਇਸ ਮੌਸਮ ਵਿਚ ਕਾਸ਼ਤ ਲਈ ਐਗਰੀਫੋਂਡ ਡਾਰਕ ਰੈਡ ਕਿਸਮ ਦੀ ਸਿਫ਼ਾਰਸ਼ ਕੀਤੀ ਗਈ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਕਨਸ਼ੋਰਸ਼ੀਅਮ ਜੀਵਾਣੂ ਖਾਦ ਵੀ ਤਿਆਰ ਕੀਤੀ ਗਈ ਹੈ। ਜੇਕਰ ਚਾਰ ਕਿਲੋ ਖਾਦ ਮਿੱਟੀ ਵਿਚ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਈ ਜਾਵੇ ਤਾਂ ਝਾੜ ਵਿਚ ਵਾਧਾ ਹੁੰਦਾ ਹੈ। ਇਸ ਮੌਸਮ ਵਿੱਚ ਇਕ ਏਕੜ ਵਿਚੋਂ 120 ਕੁਇੰਟਲ ਪਿਆਜ ਪ੍ਰਾਪਤ ਕੀਤੇ ਜਾ ਸਕਦੇ ਹਨ।

ਗੋਭੀ ਦੀ ਮੁੱਖ ਫ਼ਸਲ ਲਈ ਹੁਣ ਪਨੀਰੀ ਪੁਟ ਕੇ ਖੇਤ ਵਿੱਚ ਲਗਾਉਣ ਦਾ ਢੁਕਵਾਂ ਸਮਾਂ ਹੈ। ਪੂਸਾ ਸਨੋਬਾਲ-1 ਅਤੇ ਪੂਸਾ ਸਨੋਬਾਲ ਕੇ-1 ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਖੇਤ ਤਿਆਰ ਕਰਦੇ ਸਮੇਂ ਕੋਈ 40 ਟਨ ਵਧੀਆ ਰੂੜੀ ਪ੍ਰਤੀ ਏਕੜ ਦੇ ਹਿਸਾਬ ਪਾਈ ਜਾਵੇ। ਇਸ ਦੇ ਨਾਲ ਹੀ ਬਿਜਾਈ ਸਮੇਂ 55 ਕਿਲੋ ਯੂਰੀਆ, 155 ਕਿਲੋ ਸੁਪਰਫ਼ਾਸਫ਼ੇਟ ਅਤੇ 40 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਪਾਏ ਜਾਣ। ਬੂਟੇ ਲਗਾਉਣ ਤੋਂ 40 ਦਿਨਾਂ ਪਿਛੋਂ ਇਕ ਗੋਡੀ ਜ਼ਰੂਰ ਕਰੋ।

ਬਰੌਕਲੀ ਖੁਰਾਕੀ ਤੱਤਾਂ ਭਰਪੂਰ ਸਬਜੀ ਹੈ। ਇਸ ਵਿਚਲੇ ਖ਼ੁਰਾਕੀ ਤੱਤ ਕੈਂਸਰ ਤੇ ਕਲੈਸਟਰੋਲ ਨੂੰ ਘੱਟ ਕਰਨ ਵਿਚ ਵੀ ਸਹਾਇਤਾ ਕਰਦੇ ਹਨ। ਪਾਲਮ ਸਮਰਿਧੀ ਅਤੇ ਪੰਜਾਬ ਬਰੌਕਲੀ-1 ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਇਕ ਏਕੜ ਵਿਚੋਂ 70 ਕੁਇੰਟਲ ਝਾੜ ਪ੍ਰਾਪਤ ਹੋ ਜਾਂਦਾ ਹੈ। ਪਨੀਰੀ ਬੀਜਣ ਦਾ ਹੁਣ ਢੁੱਕਵਾਂ ਸਮਾਂ ਹੈ। ਇਕ ਏਕੜ ਲਈ ਪਨੀਰੀ ਤਿਆਰ ਕਰਨ ਵਾਸਤੇ 250 ਗ੍ਰਾਮ ਬੀਜ ਚਾਹੀਦਾ ਹੈ। ਮੂਲੀ ਦੀ ਪੂਸਾ ਚੇਤਕੀ ਕਿਸਮ ਦੀ ਬਿਜਾਈ ਵੀ ਹੁਣ ਕੀਤੀ ਜਾ ਸਕਦੀ ਹੈ।

## ਕਪਾਹ ਤੇ ਨਰਮਾ ਸਪਰੇਅ ਮਸ਼ੀਨਾਂ ਦੀ ਅਸਰਦਾਰ ਵਰਤੋਂ



• ਮਨਜੀਤ ਸਿੰਘ, ਮਹੇਸ਼ ਕੁਮਾਰ ਨਾਰੰਗ

ਨਰਮਾ ਦੱਖਣ-ਪੱਛਮੀ ਪੰਜਾਬ ਵਿਚ ਸਾਉਣੀ ਦੀ ਮਹਤੱਵਪੂਰਨ ਫ਼ਸਲ ਹੈ। ਸਾਲ 2015-16 ਵਿਚ ਇਸ ਦੀ ਕਾਸਤ 3.35 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਗਈ। ਨਰਮੇ ਦੀ ਪੈਦਾਵਾਰ 3.88 ਲੱਖ ਗੰਢਾਂ ਹੋਈ ਤੇ ਔਸਤ ਝਾੜ 1.97 ਕੁਇੰਟਲ ਰੂੰ ਪ੍ਰਤੀ ਹੈਕਟੇਅਰ ਰਿਹਾ। ਬੀਟੀ ਨਰਮਾ ਰਸ ਚੂਸਣ ਵਾਲੇ ਕੀੜਿਆਂ ਤੇਲਾ, ਚੇਪਾ, ਚਿੱਟੀ ਮੱਖੀ ਅਤੇ ਤੰਬਾਕੂ ਸੁੰਡੀ ਦੀ ਰੋਕਥਾਮ ਲਈ ਪ੍ਰਤੀਰੋਧੀ ਨਹੀ ਹੈ। ਇਹ ਕੀੜੇ ਜੁਲਾਈ ਤੋਂ ਸਤੰਬਰ ਮਹੀਨੇ ਦੌਰਾਨ ਬੀਟੀ ਨਰਮੇ ਦਾ ਨੁਕਸਾਨ ਕਰਦੇ ਹਨ। ਇਹ ਕੀੜੇ ਨਰਮੇ ਵਿਚ ਪੱਤਾ-ਮਰੋੜ (ਲੀਫ ਕਰਲ) ਬਿਮਾਰੀ ਵੀ ਫੈਲਾਉਂਦੇ ਹਨ। ਪੱਤਿਆਂ ਦੇ ਹੇਠਲੇ ਪਾਸੇ ਕੀਟਨਾਸ਼ਕਾਂ ਦਾ ਛਿੜਕਾਅ ਕਰ ਕੇ ਚਿੱਟੀ ਮੱਖੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਸਪਰੇਅ ਟੈਂਕ ਵਿਚ ਵੱਖ-ਵੱਖ ਕੀਟਨਾਸ਼ਕ ਬਿਨਾ ਸਾਫ਼ ਕੀਤੇ ਨਾ ਪਾਓ। ਜ਼ਹਿਰਾਂ ਦੇ ਮਿਸ਼ਰਣ ਵਰਤਣ ਤੋਂ ਸੰਕੋਚ ਕਰੋ। ਨਾਈਟ੍ਰੋਜਨ ਖਾਦ ਸਿਫਾਰਸ਼ ਮਾਤਰਾ ਤੋਂ ਵੱਧ ਨਾ ਹੋਵੇ। ਇਸ ਨਾਲ ਕੀੜੇ ਵੱਧ ਹਮਲਾ ਕਰਦੇ ਹਨ। ਰਵਾਇਤੀ ਸਪਰੇਅ ਵਿਧੀ ਨਾਲ 50 ਫ਼ੀਸਦੀ ਘੋਲ ਹੀ ਬੂਟਿਆਂ ਤਕ ਪਹੁੰਚਦਾ ਹੈ ਤੇ ਇਸ ਵਿੱਚੋਂ ਵੀ ਸਿਰਫ 0.01 ਫ਼ੀਸਦੀ ਮਾਤਰਾ ਕੀੜਿਆਂ ਤਕ ਪਹੁੰਚਦੀ ਹੈ। ਇਸ ਲਈ ਹਵਾ ਦੇ ਦਬਾਅ ਨਾਲ ਚੱਲਣ ਵਾਲੇ ਸਪਰੇਅਰ ਤੇ ਇਲੈਕਟ੍ਰੋਸਟੈਟਿਕ ਸਪਰੇਅਰ ਵਰਗੀਆਂ ਤਕਨੀਕਾਂ ਦਵਾਈ ਦੇ ਛਿੜਕਾਅ ਲਈ ਫ਼ਾਇਦੇਮੰਦ ਹਨ। ਇਨ੍ਹਾਂ ਵਿਚ ਲੱਗਣ ਵਾਲੀਆਂ ਨੋਜ਼ਲਾਂ ਦੀ ਚੋਣ ਤੇ ਪੰਪਾਂ ਦੀ ਅਸਰਦਾਰ ਵਰਤੋਂ ਕਪਾਹ ਦੇ ਕੀੜਿਆਂ ਦੀ ਸਹੀ ਰੋਕਥਾਮ ਲਈ ਜ਼ਰੂਰੀ ਹੈ। ਕੀੜਿਆਂ, ਬਿਮਾਰੀਆਂ ਤੇ ਨਦੀਨਾਂ ਦੀ ਰੋਕਥਾਮ ਲਈ ਛਿੜਕਾਅ ਦਾ ਸਹੀ ਢੰਗ ਬਹੁਤ ਅਰਥਪੂਰਨ ਹੈ।

### ਨੋਜ਼ਲ ਦੀ ਚੋਣ

ਫਲੈਟ ਫੈਨ ਨੋਜ਼ਲ ਸਮਤਲ ਪੱਟੀ ਵਾਂਗ ਛਿੜਕਾਅ ਕਰਦੀ ਹੈ ਤੇ ਨਦੀਨਾਂ ਦੀ ਰੋਕਥਾਮ ਲਈ ਵਰਤੀ ਜਾਂਦੀ ਹੈ। ਹੈਲੋਕੋਨ ਨੋਜ਼ਲਾਂ ਬਾਰੀਕ ਬੂੰਦਾ ਬਣਾਉਂਦੀਆਂ ਹਨ ਜਿਸ ਨਾਲ ਪੱਤਿਆਂ 'ਤੇ ਪੂਰਾ ਛਿੜਕਾਅ ਹੁੰਦਾ ਹੈ। ਜਦੋਂ ਸਪਰੇਅ ਨੂੰ ਪੂਰੇ ਦਬਾਅ ਨਾਲ ਫ਼ਸਲ ਦੇ ਅੰਦਰ ਤਕ ਭੇਜਣਾ ਹੋਵੇ ਤੇ ਨਰਮੇ ਵਿਚ ਚਿੱਟੀ ਮੱਖੀ ਦੀ ਰੋਕਥਾਮ ਕਰਨੀ ਹੋਵੇ ਤਾਂ ਸੌਲਿਡ ਕੋਨ ਨੋਜ਼ਲ ਦੀ ਵਰਤੋਂ ਕਰੋ। ਕੀੜਿਆਂ ਦੀ ਰੋਕਥਾਮ ਲਈ ਕੋਨ ਟਾਈਪ ਨੋਜ਼ਲ 'ਚ ਸਪਰੇਅ ਦਾ ਵਹਾਅ ਕਰੀਬ 600 ਮਿਲੀਲਿਟਰ ਪ੍ਰਤੀ ਮਿੰਟ ਹੋਣਾ ਜ਼ਰੂਰੀ ਹੈ। ਨੋਜ਼ਲਾਂ ਦੀ ਟਿਪ ਦੇ ਘਸਣ ਨਾਲ ਇਨ੍ਹਾਂ ਦੀ ਕੰਮ ਕਰਨ ਦੀ ਸਮਰਥਾ 'ਚ ਤਬਦੀਲੀ ਆ ਜਾਂਦੀ ਹੈ। ਤਾਂਬੇ ਦੀਆਂ ਨੋਜ਼ਲਾਂ ਦੀ ਘਿਸਾਈ ਐਲੂਮੀਨੀਅਮ ਦੀਆਂ ਨੋਜ਼ਲਾਂ ਦੇ ਮੁਕਾਬਲੇਇਕ-ਤਿਹਾਈ ਹੀ ਹੁੰਦੀ ਹੈ। ਸਟੇਨਲੈੱਸ ਸਟੀਲ ਤੇ ਪਲਾਸਟਿਕ ਦੀਆਂ ਨੋਜ਼ਲਾਂ ਦੀ ਘਿਸਾਈ ਤਾਂਬੇ ਵਾਲੀਆਂ ਨੋਜ਼ਲਾਂ ਦੇ ਮੁਕਾਬਲੇ ਇਕ-ਚੌਥਾਈ ਹੁੰਦੀ ਹੈ। ਨੋਜ਼ਲ ਦੀ ਘਿਸਾਈ ਪਹਿਲੇ 50 ਘੰਟਿਆਂ ਵਿਚ ਜ਼ਿਆਦਾ ਹੁੰਦੀ ਹੈ। ਘਿਸਾਈ ਸਪਰੇਅ ਵਾਲੇ ਪਦਾਰਥਾਂ 'ਤੇ ਵੀ ਨਿਰਭਰ ਕਰਦੀ ਹੈ। ਇਸ ਲਈ ਨੋਜ਼ਲ ਦੀ ਕੰਮ ਕਰਨ ਦੀ ਸਮਰਥਾ ਦੀ ਸਮੇਂ-ਸਮੇਂ ਜਾਂਚ ਕਰਦੇ ਰਹੋ ਤੇ ਘਸੀਆਂ ਹੋਈਆਂ ਨੋਜ਼ਲਾਂ ਨੂੰ ਹਟਾ ਦੇਵੋ।

### ਸਪਰੇਅਰਜ਼ ਦੀ ਕੈਲੀਬਰੇਸ਼ਨ

ਢੁੱਕਵੇਂ ਸਪਰੇਅ ਵਾਸਤੇ ਵੱਖ-ਵੱਖ ਮਾਪਦੰਡ, ਜਿਵੇਂ ਪੰਪ ਦਾ ਪ੍ਰੈਸਰ, ਚੱਲਣ ਦੀ ਗਤੀ, ਬੂਮ ਦੀ ਉਚਾਈ, ਨੋਜ਼ਲਾਂ ਦਾ ਆਪਸੀ ਫ਼ਾਸਲਾ ਤੇ ਘੋਲ ਦੀ ਮਾਤਰਾ ਦਾ ਤਾਲਮੇਲ ਬੇਹੱਦ ਲਾਜ਼ਮੀ ਹੈ। ਇਨ੍ਹਾਂ ਮਾਪਦੰਡਾਂ ਨੂੰ ਇਕਸਾਰ ਕਰਨ ਲਈ ਸਪਰੇਅਰ ਦੀ ਸਮੇਂ-ਸਮੇਂ ਕੈਲੀਬਰੇਸ਼ਨ ਕੀਤੀ ਜਾਣੀ ਚਾਹੀਦੀ ਹੈ। ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਲਈ ਪਿੱਠੂ ਸਪਰੇਅਰਾਂ ਦੁਆਰਾ ਕੀਟ ਨਾਸ਼ਕ ਸਪਰੇਅ ਦਾ ਘੋਲ 125 ਤੋਂ 150 ਲਿਟਰ ਪ੍ਰਤੀ ਏਕੜ ਤੇ ਟ੍ਰੈਕਟਰ/ਇੰਜਨ ਨਾਲ ਚੱਲਣ ਵਾਲੇ ਸਪਰੇਅਰਾਂ ਲਈ 75 ਲਿਟਰ ਪ੍ਰਤੀ ਏਕੜ ਜਾਂ 12-15 ਲਿਟਰ ਪਾਣੀ ਵਿਚ ਮਿਲਾ ਕੇ ਮੋਢਿਆਂ 'ਤੇ ਲਾ ਕੇ ਹਵਾ ਦੇ ਸਹਿਯੋਗ ਨਾਲ ਚਲਣ ਵਾਲੇ ਬੈਕਪੈਕ ਕਿਸਮ ਦੇ ਇਲੈਕਟ੍ਰੋਸਟੈਟਿਕ ਸਪਰੇਅਰ ਜਾਂ 300-400 ਲਿਟਰ ਪਾਣੀ 'ਚ ਮਿਲਾ ਕੇ ਸਵੈ ਘੁੰਮਾਅ ਗੰਨ ਸਪਰੇਅਰ ਜਾਂ 250-400 ਲਿਟਰ ਪਾਣੀ 'ਚ ਮਿਲਾਕੇ ਟ੍ਰੈਕਟਰ ਨਾਲ ਚਲਣ ਵਾਲੇ ਪੀਏਯੂ ਬਹੁਮੰਤਵੀ ਹਾਈ ਕਲੀਅਰੈਂਸ ਸਪਰੇਅਰ ਸਪਰੇਅ ਕਰੋ। ਚਿੱਟੀ ਮੱਖੀ ਦੀ ਰੋਕਥਾਮ ਲਈ ਸਪਰੇਅਰਾਂ ਦੀ ਕੈਲੀਬਰੇਸ਼ਨ ਵਾਸਤੇ ਕੀਟ ਨਾਸ਼ਕਾਂ ਦੀ ਮਾਤਰਾ 600 ਮਿਲੀਲਿਟਰ ਪ੍ਰਤੀ ਏਕੜ ਹੈ। ਹਰ ਨੋਜ਼ਲ 'ਚੋਂ ਨਿਕਲਣ ਵਾਲੇ ਘੋਲ ਨੂੰ ਮਿਲੀਲਿਟਰ ਪ੍ਰਤੀ ਮਿੰਟ ਦੇ ਹਿਸਾਬ ਨਾਲ ਮਾਪੋ। ਮੰਨ ਲਉ 18 ਨੋਜ਼ਲਾਂ ਤੋਂ ਇਕੱਤਰ ਹੋਇਆ ਕੁਲ ਘੋਲ 10 ਲਿਟਰ ਪ੍ਰਤੀ ਮਿੰਟ ਹੈ। ਜੇ ਸਪਰੇਅਰ 4 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਨਾਲ ਚਲਦਾ ਹੈ ਤੇ ਸਪਰੇਅਰ ਦੀਆਂ ਨੋਜ਼ਲਾਂ 75 ਸੈਂਟੀਮੀਟਰ ਦੀ ਵਿਥ 'ਤੇ ਬੂਮ ਉੱਪਰ ਲਗਾਈਆਂ ਹਨ ਤੇ ਬੂਮ ਦੀ ਫ਼ਸਲ ਤੋਂ ਉਚਾਈ 50 ਸੈਂਟੀਮੀਟਰ ਹੋਵੇ ਤਾਂ ਛਿੜਕਾਅ ਇਕਸਾਰ ਹੋਵੇਗਾ। ਸਪਰੇਅਰ ਦੀ ਕਾਰਜਕੁਸ਼ਲਤਾ 80 ਫ਼ੀਸਦੀ ਮੰਨੀ ਜਾ ਸਕਦੀ ਹੈ।

### ਹਾਈ ਕਲੀਅਰੈਂਸ ਸਪਰੇਅਰ

ਇਸ ਵਿਚ ਜ਼ਮੀਨੀ ਵਿੱਥ ਤੋਂ ਉੱਚੇ ਪਲੈਟਫਾਰਮ ਨੂੰ 2 ਵੀਲ੍ਹ ਡ੍ਰਾਈਵ ਟ੍ਰੈਕਟਰ ਲਈ ਵਿਕਸਤ ਕੀਤਾ ਗਿਆ ਹੈ। ਇਸ ਵਿਚ ਤਿੰਨ ਤਰ੍ਹਾਂ ਦੇ ਸਪਰੇਅਰ ਸਿਸਟਮ ਹਨ ਜਿਵੇਂ-ਸਵੈ ਚਲਿਤ ਗੰਨ, ਬੂਮ ਤੇ ਡਰਾਪਅੱਪ ਨੋਜ਼ਲਾਂ। ਸਪਰੇਅ ਪੰਪ 'ਚ ਹਾਈਡਰੋਲਿਕ ਪੰਪ, ਇਕ ਹਜ਼ਾਰ ਲਿਟਰ ਦਾ ਸਪਰੇਅ ਟੈਂਕ, ਪ੍ਰੈਸ਼ਰ ਗੇਜ਼ ਤੇ ਹਾਈਡਰੋਲਿਕ ਸਿਸਟਮ, ਬੂਮ ਨੂੰ ਉਪਰ-ਥੱਲੇ ਕੰਟਰੋਲ ਕਰਦਾ ਹੈ। ਪੰਪ ਨੂੰ 800 ਚੱਕਰ ਪ੍ਰਤੀ ਮਿੰਟ 'ਤੇ ਚਲਾਉਣ ਨਾਲ 35 ਕਿੱਲੋ ਪ੍ਰਤੀ ਵਰਗ ਸੈਂਟੀਮੀਟਰ ਦਾ ਦਬਾਅ ਪੈਦਾ ਹੁੰਦਾ ਹੈ। ਬੂਮ ਤੇ ਡਰਾਪਅੱਪ ਨੋਜ਼ਲਾਂ ਸਿਸਟਮ ਵਿਚ 14 ਨੋਜ਼ਲਾਂ ਬੂਮ ਉਤੇ, 13 ਡਰਾਪਅੱਪ ਨੋਜ਼ਲਾਂ (ਟੀ ਜ਼ੈੱਟ) ਜੋ ਕਿ 9.8 ਮੀਟਰ ਲੰਬੀ ਬੂਮ ਅਤੇ ਨੋਜ਼ਲਾਂ ਵਿਚਕਾਰ ਫ਼ਾਸਲਾ 67.5 ਸੈਂਟੀਮੀਟਰ ਹੈ। ਬੂਮ ਉਪਰ ਫਿਟ ਨੋਜ਼ਲਾਂ ਨਾਲ ਫ਼ਸਲ ਉੱਤੇ ਤੇ ਡਰਾਪਅੱਪ ਨੋਜ਼ਲਾਂ ਨਾਲ ਫ਼ਸਲ ਦੇ 65-75 ਸੈਂਟੀਮੀਟਰ ਹੇਠਾਂ ਤੋਂ ਪੱਤਿਆਂ 'ਤੇ ਸਪਰੇਅ ਹੁੰਦੀ ਹੈ, ਜੋ ਚਿੱਟੀ ਮੱਖੀ ਨੂੰ ਮਾਰਦੀ ਹੈ। ਬੂਮ ਦੀ ਉਚਾਈ ਨੂੰ ਫ਼ਸਲ ਦੀ ਉਚਾਈ ਮੁਤਾਬਿਕ ਉੱਤੇ-ਹੇਠਾਂ ਕੀਤਾ ਜਾ ਸਕਦਾ ਹੈ। ਸਵੈ-ਘੁਮਾਅ ਸਿਸਟਮ 'ਤੇ ਦੋ ਗੰਨਜ਼ 9.5 ਮੀਟਰ ਬੂਮ ਦੇ ਕਿਨਾਰੇ 'ਤੇ ਲੱਗੀਆਂ ਹਨ ਤੇ ਇਕ ਗੰਨ 35 ਕਿੱਲੋ ਵਰਗ ਸੈਂਟੀਮੀਟਰ ਪ੍ਰੈਸ਼ਰ ਨਾਲ 10 ਮੀਟਰ ਦੇ ਅਰਧ ਵਿਆਸ ਤਕ ਸਪਰੇਅ ਮਾਰਦੀ ਹੈ। ਇਹ ਗੰਨਜ਼ 120 ਡਿਗਰੀ ਕੋਣ ਤਕ ਘੁੰਮਦੀਆਂ ਹਨ ਤੇ 20 ਮੀਟਰ ਦੀ ਦੂਰੀ ਤਕ ਸਪਰੇਅ ਕਰਦੀਆਂ ਹਨ। ਇਸ ਸਪਰੇਅਰ ਨਾਲ 92-95 ਫ਼ੀਸਦੀ ਚਿੱਟੀ ਮੱਖੀ ਦੇ ਨਿੰਫ ਤੇ 65-75 ਫ਼ੀਸਦੀ ਚਿੱਟੀ ਮੱਖੀ ਦੇ ਬਾਲਗ ਮਰਦੇ ਹਨ, ਜਦਕਿ ਪਿੱਠੂ ਸਪਰੇਅਰ ਨਾਲ ਚਿੱਟੀ ਮੱਖੀ ਦੇ ਬਾਲਗ 50-65 ਫ਼ੀਸਦੀ ਹੀ ਮਰਦੇ ਹਨ। ਇਸ ਦੀ ਸਮਰਥਾ 5 ਏਕੜ ਪ੍ਰਤੀ ਘੰਟਾ (ਗੰਨਜ਼ ਨਾਲ) ਤੇ 2.5 ਏਕੜ ਪ੍ਰਤੀ ਘੰਟਾ (ਬਿਨਾ ਗੰਨਜ਼ ਤੋਂ) ਹੈ।

**ਸਵੈ ਘੁਮਾਅ ਗੰਨ ਸਪਰੇਅਰ**

*ਸਵੈ ਘੁਮਾਅ ਸਪਰੇਅਰ ਵਿਚ ਦੋ ਗੰਨਾਂ 9.5 ਮੀਟਰ ਬੂਮ ਦੇ ਕਿਨਾਰੇ 'ਤੇ ਲੱਗੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ ਇਸ ਵਿਚ ਡੀਸੀ ਮੋਟਰ, ਹਾਈਡਰੋਲਿਕ ਪਿਸਟਨ ਪੰਪ ਤੇ ਸਪਰੇਅ ਟੈਂਕ (600 ਲਿਟਰ) ਪ੍ਰਮੁੱਖ ਹਨ, ਹਰੇਕ ਗੰਨ 120 ਡਿਗਰੀ ਤਕ 35-40 ਕਿੱਲੋ ਪ੍ਰਤੀ ਵਰਗ ਸੈਂਟੀਮੀਟਰ ਪ੍ਰੈਸ਼ਰ 'ਤੇ ਘੁੰਮਦੀ ਹੈ ਅਤੇ 30 ਮੀਟਰ ਦੀ ਦੂਰੀ ਤਕ ਅਸਰਦਾਰ ਤਰੀਕੇ ਨਾਲ ਸਪਰੇਅ ਕਰਦੀ ਹੈ। ਇਸ ਵਿਚਲੀ ਕਿਸੇ ਵੀ ਗੰਨ ਨੂੰ ਬੰਦ ਜਾਂ ਚਾਲੂ ਕੀਤਾ ਜਾ ਸਕਦਾ ਹੈ ਤੇ ਗੰਨਾਂ ਦੀ ਸਪੀਡ 30 ਜਾਂ 40 ਚੱਕਰ ਪ੍ਰਤੀ ਮਿੰਟ 'ਤੇ ਸੈੱਟ ਕੀਤੀ ਜਾ ਸਕਦੀ ਹੈ। ਇਸ ਸਪਰੇਅਰ ਦੀ ਕਾਰਗੁਜ਼ਾਰੀ ਪਿਠੂ ਸਪਰੇਅਰ ਨਾਲੋਂ ਵਧੀਆ ਹੈ ਤੇ ਇਹ ਚਿੱਟੀ ਮੱਖੀ ਦੇ ਬੱਚੇ 85 ਤੋਂ 95 ਫ਼ੀਸਦੀ ਤਕ ਮਾਰ ਦਿੰਦੀ ਹੈ। ਇਸ ਸਪਰੇਅਰ ਦੀ ਕੰਮ ਕਰਨ ਦੀ ਸਮਰਥਾ 3-4 ਏਕੜ ਪ੍ਰਤੀ ਘੰਟਾ ਹੈ।*

### ਬੈਕਪੈਕ ਟਾਈਪ ਇਲੈਕਟ੍ਰੋਸਟੈਟਿਕ ਸਪਰੇਅਰ

ਕਪਾਹ ਦੀ ਫ਼ਸਲ ਲਈ 6.5 ਹਾਰਸ ਪਾਵਰ ਦੇ ਇੰਜਨ ਵਾਲੇ ਕੰਪਰੈਸ਼ਰ ਤੇ ਸਪਰੇਅ ਗੰਨ ਵਾਲੇ ਬੈਕਪੈਕ ਟਾਈਪ ਇਲੈਕਟ੍ਰੋਸਟੈਟਿਕ ਸਪਰੇਅਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇੰਜਨ ਨਾਲ ਚੱਲਣ ਵਾਲਾ ਕੰਪਰੈਸਰ ਹਵਾ ਦਾ ਦਬਾਅ ਬਣਾਉਂਦਾ ਹੈ, ਜੋ ਘੋਲ ਨੂੰ ਸੂਖ਼ਮ ਬੂੰਦਾਂ 'ਚ ਤਬਦੀਲ ਕਰਦਾ ਹੈ। ਇਸ ਸਪਰੇਅਰ ਵਿਚ 15 ਲਿਟਰ ਦੀ ਟੈਂਕੀ, 9 ਵੋਲਟ ਦੀ ਰੀਚਾਰਜ ਹੋਣ ਵਾਲੀ ਬੈਟਰੀ ਤੇ ਸਪਰੇਅ ਗੰਨ ਵਾਲੀ ਨੋਜ਼ਲ ਅਸੰਬਲੀ ਵਰਤੀ ਜਾਂਦੀ ਹੈ। ਸਪਰੇਅ ਦੌਰਾਨ ਗੰਨ ਨੂੰ ਹੱਥ ਨਾਲ ਕੰਟਰੋਲ ਕੀਤਾ ਜਾਂਦਾ ਹੈ। ਇਸ ਸਪਰੇਅਰ ਨਾਲ ਰਵਾਇਤੀ ਸਪਰੇਅਰ ਦੇ ਮੁਕਾਬਲੇ 80 ਤੋਂ 85 ਫ਼ੀਸਦੀ ਵੱਧ ਘੋਲ ਦਾ ਢੁੱਕਵਾਂ ਛਿੜਕਾਅ ਕੀਤਾ ਜਾ ਸਕਦਾ ਹੈ ਤੇ ਰਵਾਇਤੀ ਸਪਰੇਅਰ ਦੇ ਮੁਕਾਬਲੇ ਸਪਰੇਅ ਦਾ 50 ਫ਼ੀਸਦੀ ਘੱਟ ਨੁਕਸਾਨ ਹੁੰਦਾ ਹੈ। ਇਲੈਕਟ੍ਰੋਸਟੈਟਿਕ ਸਪਰੇਅਰ ਦੀ ਕੀੜਿਆਂ ਨੂੰ ਮਾਰਨ ਦੀ ਕਾਰਜ-ਕੁਸ਼ਲਤਾ 68 ਫ਼ੀਸਦੀ ਹੈ ਜਦਕਿ ਰਵਾਇਤੀ ਸਪਰੇਅਰ ਦੀ ਕਾਰਜਕੁਸ਼ਲਤਾ ਕਰੀਬ 50 ਫ਼ੀਸਦੀ ਹੈ।

• ਮੋਬਾਈਲ 94171-22896

### ਯੁਵਕ ਸੇਵਾਵਾਂ ਵਿਭਾਗ ਨੇ ਐਚਆਈਵੀ ਜਾਗਰੂਕਤਾ ਲਈ ਕੀਤਾ ਵਿਸ਼ੇਸ਼ ਉਪਰਾਲਾ

# ਰੈੱਡ ਰਿਬਨ ਕਲੱਬਾਂ ਦੇ ਐਚਆਈਵੀ ਜਾਗਰੂਕਤਾ ਸਬੰਧੀ ਕਰਵਾਏ ਜ਼ਿਲ੍ਹਾ ਪੱਧਰੀ ਰੀਲ ਮੇਕਿੰਗ ਮੁਕਾਬਲੇ : ਡਾ. ਦਿਲਵਰ ਸਿੰਘ



ਪਟਿਆਲਾ, 9 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪਟਿਆਲਾ ਡਾ. ਦਿਲਵਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਸਮੂਹ ਰੈੱਡ ਰਿਬਨ ਕਲੱਬਾਂ ਦਾ ਐਚਆਈਵੀ ਜਾਗਰੂਕਤਾ ਸਬੰਧੀ ਰੀਲ ਮੇਕਿੰਗ ਮੁਕਾਬਲਾ ਸਰਕਾਰੀ ਸਟੇਟ ਕਾਲਜ ਆਫ਼ ਐਜੂਕੇਸ਼ਨ ਪਟਿਆਲਾ ਵਿਖੇ ਕਰਵਾਇਆ ਗਿਆ ਜਿਸ ਵਿੱਚ ਵੱਖ-ਵੱਖ ਕਾਲਜਾਂ ਦੇ ਰੈੱਡ ਰਿਬਨ ਕਲੱਬਾਂ ਦੇ ਮੈਂਬਰਾਂ ਨੇ ਭਾਗ ਲਿਆ।

ਡਾ. ਦਿਲਵਰ ਸਿੰਘ ਨੇ ਦੱਸਿਆ ਕਿ ਇਹ ਰੀਲ ਮੇਕਿੰਗ ਮੁਕਾਬਲਾ ਡਾਇਰੈਕਟਰ ਯੁਵਕ ਸੇਵਾਵਾਂ ਪੰਜਾਬ ਦੇ ਆਦੇਸ਼ਾਂ ਅਨੁਸਾਰ ਕਰਵਾਇਆ ਗਿਆ ਜਿਸ ਵਿੱਚ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਚੰਡੀਗੜ੍ਹ ਵੱਲੋਂ ਵਿਸ਼ੇਸ਼ ਸਹਿਯੋਗ ਕੀਤਾ ਗਿਆ। ਉਹਨਾਂ ਦੱਸਿਆ ਕਿ ਇਸ ਰੀਲ ਮੇਕਿੰਗ ਮੁਕਾਬਲੇ ਦਾ ਮੁੱਖ ਮਕਸਦ ਨੌਜਵਾਨਾਂ ਦੀ ਪ੍ਰਤਿਭਾ ਨੂੰ ਖੋਜਦਿਆਂ ਹੋਇਆਂ ਐਚ.ਆਈ. ਵੀ./ ਏਡਜ਼ ਸਬੰਧੀ ਜਾਗਰੂਕਤਾ ਪੈਦਾ ਕਰਨਾ ਅਤੇ ਸੋਸ਼ਲ ਮੀਡੀਆ ਪਲੇਟ ਫਾਰਮ ਦੀ ਵਰਤੋਂ ਕਰਦਿਆਂ ਹੋਇਆਂ ਆਮ ਜਨ ਸਧਾਰਨ ਨੂੰ ਇੱਕ ਸੁਚੱਜਾ ਸੁਨੇਹਾ ਪਹੁੰਚਾਉਣਾ ਹੈ।

ਉਹਨਾਂ ਨੇ ਦੱਸਿਆ ਕਿ ਭਾਵੇਂ ਰੀਲ ਮਾਤਰ 30 ਸੈਕੰਡ ਤੋਂ ਲੈ ਕੇ ਇੱਕ ਮਿੰਟ ਤੱਕ ਦੀ ਹੈ ਪਰ ਇਸ ਵਿੱਚ ਵਿਦਿਆਰਥੀਆਂ ਵੱਲੋਂ ਬਹੁਤ ਵੱਡਾ ਸੁਨੇਹਾ ਸਮਾਜ ਨੂੰ ਦਿੱਤਾ ਗਿਆ ਹੈ। ਡਾ. ਸਿੰਘ ਨੇ ਦੱਸਿਆ ਕਿ ਇਸ ਰੀਲ ਮੇਕਿੰਗ ਮੁਕਾਬਲੇ ਲਈ ਚਾਰ ਵਿਸ਼ੇ ਦਿੱਤੇ ਗਏ ਸਨ, ਜਿਸ ਵਿੱਚ ਐਚਆਈਵੀ ਟੈਸਟਿੰਗ, ਐਚਆਈਵੀ ਦੇ ਕਾਰਨ, ਏਡਜ਼ ਪੀੜਤ ਨਾਲ ਸਮਾਜ ਵਿੱਚ ਹੋ ਰਿਹਾ ਭੇਦਭਾਵ ਤੇ ਐਨਏਸੀਓ ਐਪ ਦੇ ਲਾਭ ਤੇ 1097 ਟੋਲ ਫ਼ਰੀ ਨੰਬਰ ਸੀ। ਇਹਨਾਂ ਵਿਸ਼ਿਆਂ ਨੂੰ ਲੈ ਕੇ ਰੈੱਡ ਰਿਬਨ ਕਲੱਬਾਂ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਰੀਲਾਂ ਤਿਆਰ ਕੀਤੀਆਂ ਅਤੇ ਇਸ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਹਿੱਸਾ ਲੈ ਕੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ।

ਡਾ. ਦਿਲਵਰ ਸਿੰਘ ਨੇ ਦੱਸਿਆ ਕਿ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ ਕ੍ਰਮਵਾਰ 4 ਹਜ਼ਾਰ, 3 ਹਜ਼ਾਰ ਅਤੇ 2 ਹਜ਼ਾਰ ਰੁਪਏ ਦੇ ਨਗਦ ਇਨਾਮ ਪ੍ਰਦਾਨ ਕੀਤੇ ਗਏ ਹਨ। ਉਹਨਾਂ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਨੇ ਪਹਿਲਾ ਸਥਾਨ, ਸਰਕਾਰੀ ਕਾਲਜ ਲੜਕੀਆਂ ਪਟਿਆਲਾ ਨੇ ਦੂਜਾ ਸਥਾਨ ਅਤੇ ਸਰਕਾਰੀ ਆਯੁਰਵੈਦਿਕ ਕਾਲਜ ਪਟਿਆਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਦਪਿੰਦਰ ਕੌਰ ਨੇ ਵੀ ਰੈੱਡ ਰਿਬਨ ਕਲੱਬਾਂ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਉਹ ਅਜੋਕੇ ਸਮੇਂ ਦੇ ਹਾਣੀ ਬਣ ਕੇ ਸਮਾਜ ਵਿੱਚ ਫੈਲੀਆਂ ਹੋਈਆਂ ਮਹਾਂਮਾਰੀਆਂ ਅਤੇ ਕੁਰੀਤੀਆਂ ਨੂੰ ਦੂਰ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੇ ਦਿਸ਼ਾ ਕਲੱਸਟਰ ਮੈਨੇਜਰ ਯਾਦਵਿੰਦਰ ਸਿੰਘ ਵਿਰਕ ਨੇ ਵੀ ਵਿਦਿਆਰਥੀਆਂ ਨੂੰ ਰੈੱਡ ਰਿਬਨ ਕਲੱਬਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਤੋਂ ਜਾਣੂ ਕਰਵਾਇਆ। ਇਸ ਮੌਕੇ ਕਾਲਜ ਦੇ ਰੈੱਡ ਰਿਬਨ ਕਲੱਬ ਦੇ ਨੋਡਲ ਅਫ਼ਸਰ ਡਾ. ਪ੍ਰੀਤੀ ਭਾਟੀਆ ਅਤੇ ਡਾ.ਰੇਖਾ ਸ਼ਰਮਾ ਨੂੰ ਵੀ ਸਨਮਾਨਿਤ ਕੀਤਾ ਗਿਆ।

# ਸ੍ਰੀਮਤੀ ਮਮਤਾ ਰਾਣੀ (ਪੀ.ਟੀ.ਆਈ.) ਨੇ ਟੇਬਲ ਟੈਨਿਸ ਵਿੱਚ ਹਾਸਲ ਕੀਤਾ ਕਾਂਸੀ ਦਾ ਤਗਮਾ



ਪਟਿਆਲਾ, 9 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਖੇਡਾਂ ਪ੍ਰਤੀ ਪੰਜਾਬ ਵਾਸੀਆਂ ਨੂੰ ਪ੍ਰੇਰਿਤ ਕਰਨ ਲਈ ਹਰ ਸਾਲ ਖੇਡਾਂ ਵਤਨ ਪੰਜਾਬ ਦੀਆਂ ਕਰਵਾਉਂਦੀ ਹੈ। ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਖੇਡ ਅਫਸਰ ਪਟਿਆਲਾ ਸ੍ਰੀ ਹਰਪਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਖੇਡਾਂ ਵਤਨ ਪੰਜਾਬ ਦੀਆਂ-2024 ਦੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਕਰਵਾਏ ਗਏ। ਖੇਡਾਂ ਵਤਨ ਪੰਜਾਬ ਦੀਆਂ-2024 ਦਾ ਟੇਬਲ ਟੈਨਿਸ ਦਾ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਕਨਵੀਨਰ ਸ੍ਰੀ ਹਰਮਨਪ੍ਰੀਤ ਸਿੰਘ ਜੀ ਅਤੇ ਕੋ ਕਨਵੀਨਰ ਮੇਘਾ ਕੌਲ ਜੀ ਦੀ ਅਗਵਾਈ ਵਿੱਚ ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਇਆ ਗਿਆ। ਜ਼ਿਲ੍ਹਾ ਪੱਧਰੀ ਟੇਬਲ ਟੈਨਿਸ ਟੂਰਨਾਮੈਂਟ ਪ੍ਰਤੀ ਖਿਡਾਰੀਆਂ ਵਿੱਚ ਬਹੁਤ ਉਤਸ਼ਾਹ ਸੀ।ਇਸ ਟੂਰਨਾਮੈਂਟ ਵਿੱਚ ਸ੍ਰੀਮਤੀ ਮਮਤਾ ਰਾਣੀ (ਪੀ.ਟੀ.ਆਈ., ਸ.ਮਿ.ਸ.ਖੇੜੀ ਗੁੱਜਰਾਂ, ਪਟਿਆਲਾ) ਨੇ 51 ਤੋਂ 60 ਸਾਲ ਉਮਰ ਵਰਗ ਵਿੱਚ ਕਾਂਸੀ ਦਾ ਤਗਮਾ ਹਾਸਲ ਕੀਤਾ। ਸ੍ਰੀਮਤੀ ਮਮਤਾ ਰਾਣੀ ਜੀ ਨੇ ਦੱਸਿਆ ਕਿ ਉਹਨਾਂ ਨੇ ਕਈ ਸਾਲਾਂ ਬਾਅਦ ਟੇਬਲ ਟੈਨਿਸ ਟੂਰਨਾਮੈਂਟ ਵਿੱਚ ਭਾਗ ਲਿਆ ਹੈ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਜੇਕਰ ਅਸੀਂ ਕਿਸੀ ਵੀ ਖੇਡ ਵਿੱਚ ਮਿਹਨਤ ਕਰਦੇ ਹਾਂ ਤਾਂ ਸਫਲਤਾ ਜ਼ਰੂਰ ਮਿਲਦੀ ਹੈ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਉਹਨਾਂ ਦੀ ਉਮਰ 53 ਸਾਲ ਹੋ ਗਈ ਹੈ ਪਰ ਖੇਡਾਂ ਪ੍ਰਤੀ ਉਹਨਾਂ ਦੇ ਉਤਸ਼ਾਹ ਵਿੱਚ ਕੋਈ ਕਮੀ ਨਹੀਂ ਆਈ ਹੈ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਉਹਨਾਂ ਤੋਂ ਪ੍ਰੇਰਿਤ ਹੋ ਕੇ ਉਹਨਾਂ ਦੇ ਸਕੂਲ ਦੇ ਬੱਚੇ ਵੀ ਵੱਡੀ ਗਿਣਤੀ ਵਿੱਚ ਹਰ ਸਾਲ ਖੇਡਾਂ ਵਿੱਚ ਭਾਗ ਲੈਂਦੇ ਹਨ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਇਹ ਖੇਡਾਂ ਸਰਕਾਰ ਦਾ ਬਹੁਤ ਵਧੀਆ ਉਪਰਾਲਾ ਹੈ ਕਿਉਕਿ ਖੇਡਾਂ ਮਨੁੱਖ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਟੂਰਨਾਮੈਂਟ ਮੌਕੇ ਸ੍ਰੀ ਮਨਪ੍ਰੀਤ ਸਿੰਘ, ਸ੍ਰੀ ਰਵਨੀਤ ਸਿੰਘ ਢੀਂਡਸਾ, ਸ੍ਰੀਮਤੀ ਰੁਪਿੰਦਰ ਕੌਰ, ਸ੍ਰੀਮਤੀ ਕੁਲਦੀਪ ਕੌਰ, ਸ੍ਰੀਮਤੀ ਮੀਨਾ ਸੂਦ, ਸ੍ਰੀ ਦੀਪਇੰਦਰ ਸਿੰਘ ਅਤੇ ਹੋਰ ਅਧਿਆਪਕ ਮੌਜੂਦ ਸਨ।

# ਜ਼ਿਲ੍ਹੇ ਦੇ 176 ਗ੍ਰਾਮ ਪੰਚਾਇਤਾਂ ਲਈ 649 ਸਰਪੰਚ ਅਤੇ 2233 ਪੰਚਾਂ ਦੀਆਂ ਨਾਮਜ਼ਦਗੀਆਂ ਦਾਖਲ, ਕਾਗਜ਼ਾਂ ਦੀ ਪੜਤਾਲ ਜਾਰੀ

### ਪੰਚਾਇਤੀ ਚੋਣਾਂ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਮੁਕੰਮਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਤਿਆਰ: ਡਾ ਪੱਲਵੀ



ਮਲੇਰਕੋਟਲਾ, 9 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਚਾਇਤੀ ਚੋਣਾਂ ਸਬੰਧੀ ਜ਼ਿਲ੍ਹੇ ਵਿੱਚ 176 ਪੰਚਾਇਤਾਂ ਬਾਬਤ ਸਰਪੰਚਾਂ ਲਈ 649 ਅਤੇ ਪੰਚਾਂ ਲਈ 2233 ਨਾਮਜਾਦੀਆਂ ਦਾਖ਼ਲ ਹੋਈਆ ਹਨ । ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਦੱਸਿਆ ਕਿ ਬਲਾਕ ਮਾਲੇਰਕੋਟਲਾ ਵਿੱਚ ਪੰਚਾਇਤਾਂ ਦੀ ਗਿਣਤੀ 69,ਅਮਰਗੜ੍ਹ ਵਿੱਚ 60, ਅਹਿਮਦਗੜ੍ਹ ਵਿੱਚ 47 ਹੈ।

ਨਾਮਜ਼ਦਗੀਆਂ ਦਾਖਲ ਕਰਨ ਦੀ ਆਖੀਰਲੀ ਮਿਤੀ ਤੱਕ ਬਲਾਕ ਮਾਲੇਰਕੋਟਲਾ ਲਈ 247 ਸਰਪੰਚਾਂ ਲਈ ਅਤੇ 862 ਪੰਚਾਂ ਲਈ, ਅਮਰਗੜ੍ਹ ਵਿੱਚ 230 ਸਰਪੰਚਾਂ ਲਈ ਅਤੇ 736 ਪੰਚਾਂ ਲਈ ਅਤੇ ਬਲਾਕ ਅਹਿਮਦਗੜ੍ਹ ਲਈ 172 ਸਰਪੰਚਾਂ ਅਤੇ 635 ਪੰਚਾਂ ਲਈ ਨਾਮਜ਼ਦਗੀਆਂ ਦਾਖਲ ਹੋਈਆ ਹਨ ।

ਪੰਚਾਇਤੀ ਚੋਣਾਂ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਮੁਕੰਮਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 256 ਪੋਲਿੰਗ ਸਟੇਸ਼ਨਾਂ ਤੇ ਕਰੀਬ 1552 ਪੋਲਿੰਗ ਸਟਾਫ (ਸਮੇਤ ਰਿਜਰਵ ਸਟਾਫ) ਦੀ ਡਿਊਟੀ ਲਗਾਈ ਗਈ ਹੈ। ਪੰਚਾਇਤੀ ਚੋਣਾਂ ਲਈ ਨਿਯੁਕਤ ਕੀਤੇ ਜਾਣ ਵਾਲੇ ਪੋਲਿੰਗ ਸਟਾਫ ਦੀ 6,11 ਤੇ 14 ਅਕਤੂਬਰ ਨੂੰ ਹੋਣ ਵਾਲੀ ਟਰੇਨਿੰਗ ਲਈ ਪੋਲਿੰਗ ਸਟਾਫ ਦੀ ਸਹੂਲਤ ਲਈ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰ ਲਏ ਗਏ ਹਨ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ । ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹੇ ਅੰਦਰ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਾ ਵਿਖਾਈ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਚੋਣ ਖਰਚਿਆਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਇਸ ਲਈ ਉਹ ਆਪਣੀ ਨਿਰਧਾਰਿਤ ਖਰਚ ਸੀਮਾਂ ਵਿੱਚ ਖਰਚ ਕਰਨ ਨੂੰ ਯਕੀਨੀ ਬਣਾਉਣ।

ਉਨ੍ਹਾਂ ਦੱਸਿਆ ਕਿ ਕਾਗਜ਼ਾਂ ਦੀ ਪੜਤਾਲ ਅੱਜ 9 ਅਕਤੂਬਰ, 2024 ਨੂੰ ਕੀਤੀ ਜਾਵੇਗੀ, ਜਦਕਿ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 9 ਅਕਤੂਬਰ, 2024 ਨੂੰ ਬਾਅਦ ਦੁਪਹਿਰ 3:00 ਵਜੇ ਤੱਕ ਹੈ।

# ਰਮਾਇਣ, ਮਹਾਂਭਾਰਤ ਦੇ ਆਦਰਸ਼ਾਂ ਸਬੰਧੀ ਕੁਇਜ਼ ਮੁਕਾਬਲੇ : ਪਵਨ ਗੋਇਲ




ਪਟਿਆਲਾ, 9 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

। ਵਿਦਿਆਰਥੀਆਂ ਨੂੰ ਸ੍ਰੀ ਰਾਮ ਚੰਦਰ ਜੀ, ਰਮਾਇਣ, ਭਗਵਾਨ ਸ਼੍ਰੀ ਕ੍ਰਿਸ਼ਨ ਜੀ, ਅਤੇ ਮਹਾਂਭਾਰਤ ਦੇ ਆਦਰਸ਼ਾਂ, ਮਰਿਆਦਾਵਾਂ, ਕੁਰਬਾਨੀਆਂ, ਤਿਆਗ, ਅਤੇ ਛਲ, ਬੇਈਮਾਨੀਆਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ, ਫ਼ਸਟ ਏਡ, ਸਿਹਤ, ਸੇਫਟੀ, ਜਾਗਰੂਕਤਾ ਮਿਸ਼ਨ ? ਦੇ ਚੀਫ਼ ਟ੍ਰੇਨਰ ਸ੍ਰੀ ਕਾਕਾ ਰਾਮ ਵਰਮਾ ਵਲੋਂ ਕੁਇਜ਼ ਮੁਕਾਬਲੇ, ਗ੍ਰੀਨ ਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਦੀ ਅਗਵਾਈ ਹੇਠ ਕਰਵਾਏ ਗਏ। ਸ਼੍ਰੀ ਪਵਨ ਗੋਇਲ, ਸਾਬਕਾ ਚੀਫ਼ ਮੈਨੇਜਰ ਸਟੇਟ ਬੈਂਕ ਆਫ ਪਟਿਆਲਾ ਨੇ ਆਪਣੇ ਬੇਟੇ ਦੀ ਯਾਦ ਵਿੱਚ ਜੈਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇਕੇ ਸਨਮਾਨਿਤ ਕੀਤਾ। ਉਨ੍ਹਾਂ ਨੇ ਦੱਸਿਆ ਕਿ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਅਤੇ ਬੱਚਿਆਂ ਦੇ ਮਾਪਿਆਂ ਨੇ ਵਿਦਿਆਰਥੀਆਂ ਨੂੰ ਦਿੱਤੇ ਪ੍ਰਸ਼ਨਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਅਤੇ ਸ਼੍ਰੀ ਰਾਮ ਚੰਦਰ ਜੀ, ਭਗਵਾਨ ਸ਼੍ਰੀ ਕ੍ਰਿਸ਼ਨ ਜੀ, ਅਤੇ ਰਮਾਇਣ ਮਹਾਂਭਾਰਤ ਦੇ 80 ਪ੍ਰਸ਼ਨਾਂ ਦੇ ਉੱਤਰ ਚੋਥੀ, ਪੰਜਵੀਂ ਅਤੇ ਛੇਵੀਂ ਜਮਾਤਾਂ ਦੇ ਬੱਚਿਆਂ ਨੇ ਤਸੱਲੀਬਖ਼ਸ਼ ਢੰਗ ਤਰੀਕਿਆਂ ਨਾਲ ਦਿੱਤੇ। 18 ਟੀਮਾਂ ਨੇ ਭਾਗ ਲਿਆ ਜਿਨ੍ਹਾਂ ਵਿੱਚ ਪੰਜਵੀਂ ਜਮਾਤਾਂ ਦੇ ਬੱਚੇ ਪਹਿਲੇ, ਛੇਵੀਂ ਜਮਾਤ ਦੇ ਬੱਚਿਆਂ ਨੇ ਦੂਸਰੀ ਅਤੇ ਚੋਥੀ ਜਮਾਤ ਦੇ ਬੱਚਿਆਂ ਨੇ ਤੀਸਰੀ ਪੁਜੀਸ਼ਨਾਂ ਪ੍ਰਾਪਤ ਕਰਕੇ, ਇਨਾਮ ਸਰਟੀਫਿਕੇਟ ਪ੍ਰਾਪਤ ਕੀਤੇ। ਸ਼੍ਰੀ ਪਵਨ ਗੋਇਲ ਨੇ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਕਿ ਬੱਚਿਆਂ ਨੂੰ ਅਵਤਾਰਾਂ, ਗੁਰੂਆਂ, ਬਜ਼ੁਰਗਾਂ ਅਤੇ ਭਰਾਵਾਂ ਪਤਨੀਆਂ ਦੇ ਜੀਵਨ ਜਿਊਣ ਅਤੇ ਦੂਸਰਿਆਂ ਦੀ ਇੱਜ਼ਤ ਸਨਮਾਨ ਖੁਸ਼ਹਾਲੀ ਲਈ ਆਪਣੇ ਫਰਜ਼ਾਂ, ਜ਼ੁਮੇਵਾਰੀਆਂ ਨੂੰ ਸਮਝਦੇ ਹੋਏ ਕੀਤੀਆਂ ਕੁਰਬਾਨੀਆਂ ਅਤੇ ਆਪਣੇ ਲਾਲਚ, ਇਛਾਵਾਂ, ਖਾਹਿਸ਼ਾਂ ਦੀ ਪੂਰਤੀ ਲਈ ਦੂਸਰਿਆਂ ਦੇ ਹੱਕਾਂ ਅਤੇ ਸਨਮਾਨ ਦੀ ਬਰਬਾਦੀ ਕਰਨ ਦਾ ਗਿਆਨ ਹੋਇਆ। ਉਨ੍ਹਾਂ ਨੇ ਕਿਹਾ ਕਿ ਬੱਚਿਆਂ ਅਤੇ ਨੌਜਵਾਨਾਂ ਨੂੰ ਧਰਮ, ਕਰਮ, ਸੰਸਕਾਰਾਂ, ਮਰਿਆਦਾਵਾਂ, ਫਰਜ਼ਾਂ, ਅਤੇ ਮਹਾਨ ਅਵਤਾਰਾਂ , ਗੁਰੂਆਂ ਦੇ ਆਦਰਸ਼ਾਂ ਬਾਰੇ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ।

# ਖੇਤੀਬਾੜੀ ਵਿਭਾਗ ਨੇ ਪਰਾਲੀ ਪ੍ਰਬੰਧਨ ਸਬੰਧੀ ਖੇਤ ਦਿਵਸ ਮਨਾਇਆ



ਪਟਿਆਲਾ, 9 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਦੀ ਅਗਵਾਈ ਵਿੱਚ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਪਿੰਡ ਭੱਠਲਾਂ ਵਿਖੇ ਕਰਨਲ ਭੁਪਿੰਦਰਪਾਲ ਸਿੰਘ ਦੇ ਖੇਤਾਂ 'ਚ ਪਰਾਲੀ ਪ੍ਰਬੰਧਨ ਤੇ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਖੇਤ ਦਿਵਸ ਮਨਾਇਆ ਗਿਆ।

ਮਾਨਵ ਵਿਕਾਸ ਸੰਸਥਾਨ ਦੇ ਸਹਿਯੋਗ ਨਾਲ ਮਨਾਏ ਗਏ ਇਸ ਖੇਤ ਦਿਵਸ ਮੌਕੇ ਖੇਤੀਬਾੜੀ ਵਿਸਥਾਰ ਅਫ਼ਸਰ ਰਵਿੰਦਰਪਾਲ ਸਿੰਘ ਚੱਠਾ ਵੱਲੋਂ ਝੋਨੇ ਦੇ ਸਿੱਧੀ ਬਿਜਾਈ ਅਤੇ ਪਰਾਲੀ ਪ੍ਰਬੰਧਨ ਸਬੰਧੀ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ, ਪਰਾਲੀ ਨੂੰ ਖੇਤਾਂ ਵਿੱਚ ਮਿਲਾਉਣ ਦੇ ਲਾਭ ਅਤੇ ਝੋਨੇ ਦੀਆਂ ਬਿਮਾਰੀਆਂ ਅਤੇ ਇਸ ਮੌਕੇ ਤੇਲੇ ਦੇ ਹੋ ਰਹੇ ਹਮਲੇ ਸਬੰਧੀ ਤਕਨੀਕੀ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਅਗਾਂਹਵਧੂ ਕਿਸਾਨ ਕਰਨਲ ਭੁਪਿੰਦਰਪਾਲ ਸਿੰਘ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਪਾਣੀ ਦੀ ਬੱਚਤ ਕਰਨ ਲਈ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਅਤੇ ਵਾਢੀ ਉਪਰੰਤ ਪਰਾਲੀ ਨੂੰ ਖੇਤਾਂ ਵਿੱਚ ਮਲਚ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਜਿਥੇ ਪਰਾਲੀ ਪਾਣੀ ਦੀ ਬੱਚਤ ਕਰਨ ਵਿੱਚ ਸਹਾਈ ਹੁੰਦੀ ਹੈ ਅਤੇ ਜਦ ਅਸੀਂ ਪਰਾਲੀ ਨੂੰ ਮਲਚਿੰਗ ਰਾਹੀਂ ਖੇਤਾਂ ਵਿੱਚ ਮਿਲਾਉਂਦੇ ਹਾਂ ਤਾਂ ਜ਼ਮੀਨ ਦਾ ਜੈਵਿਕ ਮਾਦਾ ਵਧਦਾ ਹੈ ਤੇ ਖਾਦਾਂ ਦੀ ਵਰਤੋਂ ਘੱਟ ਕਰਨੀ ਪੈ ਦੀ ਹੈ।

ਉਨ੍ਹਾਂ ਦੱਸਿਆ ਕਿ ਉਹ ਸੀਮਤ ਖਾਦਾਂ ਦੀ ਅਤੇ ਸੀਮਤ ਹੀ ਪਾਣੀ ਦੀ ਵਰਤੋਂ ਕਰਦੇ ਹਨ, ਜਿਸ ਸਦਕਾ ਫ਼ਸਲ 'ਤੇ ਕੀੜੇ ਮਕੌੜਿਆਂ ਦਾ ਹਮਲਾ ਬਹੁਤ ਘੱਟ ਹੁੰਦਾ ਹੈ ਤੇ ਦਾਣਿਆਂ ਦਾ ਭਾਰ ਤੇ ਸਾਈਜ਼ ਰਵਾਇਤੀ ਫ਼ਸਲ ਨਾਲ ਵੱਧ ਪ੍ਰਾਪਤ ਕਰ ਰਹੇ ਹਨ। ਇਸ ਮੌਕੇ ਖੇਤੀਬਾੜੀ ਅਫ਼ਸਰ ਗੁਰਮੀਤ ਸਿੰਘ ਵੀ ਹਾਜ਼ਰ ਸਨ।

ਇਸ ਮੌਕੇ ਪਿੰਡ ਭੱਠਲਾਂ, ਮਿੱਠੂ ਮਾਜਰਾ, ਚਮਾਰਹੇੜੀ ਤੇ ਰਾਏਪੁਰ ਮੰਡਲਾ ਦੇ ਕਿਸਾਨ ਵੀ ਮੌਜੂਦ ਸਨ।

# ਜੰਗਲਾਤ ਕਾਮਿਆਂ ਦੀਆਂ ਰਹਿੰਦੀਆਂ ਤਨਖਾਹਾਂ ਜਾਰੀ ਕਰਵਾਉਣ ਲਈ ਵੱਖ-ਵੱਖ ਰੇਜਾਂ ਚ ਲਗਾਇਆ ਰੋਸ ਧਰਨਾ



ਪਟਿਆਲਾ, 9 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜੰਗਲਾਤ ਵਰਕਰਜ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਸੌਜਾ,ਸੇਰ ਸਿੰਘ ਸਰਹਿੰਦ ਦੀ ਅਗਵਾਈ ਹੇਠ ਵਣ ਵਿਭਾਗ ਵਿੱਚ ਕੰਮ ਕਰਦੇ ਡੇਲੀਵੇਜ ਕਾਮਿਆ ਨੂੰ ਪਿਛਲੇ ਕਈ ਮਹੀਨੀਆ ਤੋਂ ਰਹਿੰਦੀਆਂ ਤਨਖਾਹਾਂ ਜਾਰੀ ਕਰਵਾਉਣ ਲਈ ਅੱਜ ਵਣ ਮੰਡਲ ਪਟਿਆਲਾ ਦੀਆਂ ਵੱਖ-ਵੱਖ ਰੇਜਾਂ ਚ ਲਗਾਇਆ ਰੋਸ ਧਰਨਾ ।

ਜਗਤਾਰ ਸਿੰਘ ਸ਼ਾਹਪੁਰ ਭਿੰਦਰ ਸਿੰਘ ਘੱਗਾ ਕਰਨੈਲ ਸਿੰਘ ਕਾਠਮੱਠੀ ਰਣਵੀਰ ਸਿੰਘ ਮੁਲੇਪੁਰ ਅਤੇ ਜੋਗਾ ਸਿੰਘ ਭਾਦਸੋ ਨੇ ਕਿਹਾ ਕਿ ਲੋਕਾਂ ਨਾਲ ਲਭਾਉਣੇ ਵਾਅਦੇ ਕਰਨ ਵਾਲੀ ਸਰਕਾਰ ਨੇ ਲਗਭਗ ਤਿੰਨ ਸਾਲ ਬੀਤ ਜਾਣ ਦੇ ਬਾਵਜੂਦ ਜੰਗਲਾਤ ਦਾ ਇੱਕ ਵੀ ਕਾਮਾ ਪੱਕਾ ਨਹੀਂ ਕੀਤਾ ,ਜਿਸ ਕਾਰਨ ਜੰਗਲਾਤ ਕਾਮਿਆ ਵਿੱਚ ਭਾਰੀ ਰੋਸ ਤੇ ਬੇਚੈਨੀ ਪਾਈ ਜਾ ਰਹੀ ਹੈ, ਉਹਨਾਂ ਕਿਹਾ ਕਿ ਜੇਕਰ ਸਰਕਾਰ ਨੇ ਕੰਧ ਤੇ ਲਿਖਿਆ ਨਾ ਪੜ੍ਹਿਆ ਤਾਂ ਆਉਣ ਵਾਲੀਆਂ ਚੋਣਾਂ ਦੇ ਵਿੱਚ ਸਰਕਾਰ ਨੂੰ ਜੰਗਲਾਤ ਕਾਮਿਆਂ ਦੇ ਰੋਹ ਦਾ ਟਾਕਰਾ ਕਰਨਾ ਪਵੇਗਾ।

ਨਰੇਸ਼ ਕੁਮਾਰ ਪਟਿਆਲਾ ਗੁਰਮੇਲ ਸਮਾਣਾ.ਹਰਮੇਸ ਸਿੰਘ ਨਾਭਾ ਬਲਵੀਰ ਖਾਨ ਭਾਦਸੋਂ ਅਤੇ ਜਸਵੰਤ ਸਿੰਘ ਸਰਹਿੰਦ ਨੇ ਕਿ ਜੰਗਲਾਤ ਕਾਮਿਆ ਨੂੰ ਨਾ ਤਾ ਪਿਛਲੇ ਕਈ ਮਹੀਨੀਆ ਤੋ ਰਹਿਦਾ ਵੱਧੇ ਰੇਟਾਂ ਦਾ ਏਰੀਅਲ ਨਾ ਦੇਣਾ ਅਤੇ ਪਿਛਲੇ ਤਿੰਨ ਚਾਰ ਮਹੀਨੀਆ ਤੋ ਤਨਖਾਹਾਂ ਨਾ ਮਿਲਣ ਕਾਰਨ ਪ੍ਰੀਵਾਰਾਂ ਦਾ ਗੁਜਰਾਂ ਕਰਨਾ ਮੁਸ਼ਕਿਲ ਹੋਇਆ ਪਿਆ ਕਿਉ ਕੀ ਤਿਉਹਾਰਾਂ ਦਾ ਮੌਸਮ ਹੈ,ਇਸ ਸੰਘਰਸ ਦੀ ਹਮਾਇਤ ਕਰਦਿਆ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸਨ ਦੇ ਆਗੂਆਂ ਦਰਸ਼ਨ ਸਿੰਘ ਬੇਲੂ ਮਾਜਰਾ,ਲਖਵਿੰਦਰ ਖਾਨਪੁਰ, ਨਾਥ ਸਿੰਘ ਬੁਜਰਕ, ਹਰਦੇਵ ਸਿੰਘ ਤੇ ਕਰਮ ਸਿੰਘ ਨਾਭਾ ਨੇ ਕਿਹਾ ਕਿ ਫੈਡਰੇਸਨ ਵ?ਲੋ 9 ਅਕਤੂਬਰ 2024 ਨੂੰ ਵਣ ਮੰਡਲ ਦਫਤਰ ਪਟਿਆਲਾ ਅੱਗੇ ਲਗਾਤਾਰ ਸੰਘਰਸ ਵਿਢਿਆ ਜਾਵੇਗਾ,ਜਿਸ ਵਿਚ ਫੈਡਰੇਸਨ ਨਾਲ ਸੰਬੰਧਿਤ ਸਾਰੀਆਂ ਜਥੇਬੰਦੀਆ ਦੇ ਆਗੂ ਭਰਪੂਰ ਯੋਗਦਾਨ ਪਾਉਣਗੇ ਅੱਜ ਵਖ ਵਖ ਜਗਾ ਤੇ ਦਿਤੇ ਧਰਨੇ-ਪ੍ਰਦਰਸ਼ਨ ਨੂੰ ਕੁਲਦੀਪ ਸਿੰਘ ਘੱਗਾ, ਗੀਤ ਸਿੰਘ ਕਕਰਾਲਾ,ਪ੍ਰਕਾਸ਼ ਸਿੰਘ ਘਨੌਰ, ਕੌਰ ਸਿੰਘ ਕੋਟ ਖੁਰਦ, ਵਿਪਨ ਕੁਮਾਰ, ਹਰਵੀਰ ਸਿੰਘ ਸੁਨਾਮ, ਤੇ ਗੁਰਜੰਟ ਸਿੰਘ ਨੇ ਸਬੋਧਨ ਕਰਦਿਆ ਕਿਹਾ ਕਿ ਜੇਕਰ ਸਰਕਾਰ ਵਲੋ ਤਨਖਾਹ ਜਾਰੀ ਨਾ ਕੀਤੀ ਤਾਂ ਸਰਕਾਰ ਖਿਲਾਫ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵਾਗੇ ।

# ਸਰਕਾਰੀ ਕਾਲਜ ਰੋਪੜ ਵੱਲੋਂ ਲਾਈਬ੍ਰੇਰੀ ਪੁਸਤਕ ਅਧਿਐਨ ਸਮੀਖਿਆ ਲੜੀ (6) ਆਯੋਜਿਤ ਕੀਤੀ ਗਈ




ਰੂਪਨਗਰ, 9 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਸਰਕਾਰੀ ਕਾਲਜ ਰੋਪੜ ਵੱਲੋਂ ਡਾਇਰੈਕਟੋਰੇਟ ਉਚੇਰੀ ਸਿੱਖਿਆ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿਦਿਆਰਥੀਆਂ ਨੂੰ ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਕਰਨ ਹਿੱਤ ਲੜੀ ਦੇ ਛੇਵੇਂ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ. ਸੁਖਜਿੰਦਰ ਕੌਰ ਨੇ ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ ਅਤੇ ਸਮੂਹ ਸਟਾਫ਼ ਦਾ ਸਵਾਗਤ ਕੀਤਾ ਅਤੇ ਕਰਤਾਰ ਸਿੰਘ ਦੁੱਗਲ ਜੀ ਦੀ ਜੀਵਨੀ ਅਤੇ ਉਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਉਤੇ ਚਾਨਣਾ ਪਾਇਆ।

ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ ਜੀ ਨੇ ਇਸ ਪੁਸਤਕ ਰੀਵਿਊ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਹੋਇਆ ਹਰ ਇਕ ਅਧਿਆਪਕ ਨੂੰ ਇਸ ਵਿਚ ਸ਼ਾਮਿਲ ਹੋਣ ਲਈ ਪ੍ਰੇਰਿਆ।

ਲਾਇਬ੍ਰੇਰੀ ਪੁਸਤਕ ਅਧਿਐਨ ਲੜੀ ਦੇ ਤਹਿਤ ਸੈਮੀਨਾਰ ਦੇ ਮੁੱਖ ਵਕਤਾ ਪ੍ਰੋ. ਰਾਜਿੰਦਰ ਕੌਰ ਨੇ ਕਹਾਣੀ-ਸੰਗ੍ਰਹਿ ਪੁਸਤਕ ਤੇ ਚਰਚਾ ਕੀਤੀ ਉਨ੍ਹਾਂ ਨੇ ਦੁੱਗਲ ਦੀਆ ਕਹਾਣੀਆਂ ਦੇ ਵੱਖੋ-ਵੱਖਰੇ ਵਿਸ਼ਿਆਂ ਅਤੇ ਉਨ੍ਹਾਂ ਵਿਚਲੇ ਪਿਛੋਕੜ ਨੂੰ ਸਮਾਜਿਕ ਸੰਦਰਭ ਵਿਚ ਪੇਸ਼ ਕੀਤਾ।

ਇਸ ਮੌਕੇ ਉਤੇ ਉਚੇਚੇ ਤੌਰ ਤੇ ਪਹੁੰਚੇ ਸ. ਮੱਲ ਸਿੰਘ ਬਾਸੀ ਵਲੋਂ ਕੈਨੇਡਾ ਵਿਚ ਹੋ ਜਾਣ ਰਹੀ ਵਿਸ਼ਵ ਪੰਜਾਬੀ ਕਾਨਫ੍ਰੰਸ ਬਾਰੇ ਜਾਣਕਾਰੀ ਵੀ ਦਿਤੀ ਗਈ। ਡਾ. ਜਤਿੰਦਰ ਕੁਮਾਰ ਜੀ ਨੇ ਮੰਚ-ਸੰਚਾਲਨ ਕੀਤਾ ਅਤੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਸਾਰੇ ਪ੍ਰੋਫੈਸਰ ਸਾਹਿਬਾਨ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਹਰਜਸ ਕੌਰ, ਪ੍ਰੋ. ਮੀਨਾ ਕੁਮਾਰੀ, ਡਾ. ਨਿਰਮਲ ਸਿੰਘ ਬਰਾੜ, ਡਾ. ਦਲਵਿੰਦਰ ਸਿੰਘ ਅਤੇ ਕਾਲਜ ਦਾ ਸਮੂਹ ਸਟਾਫ਼ ਹਾਜਰ ਸੀ।

# ਸਰਪੰਚਾਂ ਲਈ 1604 ਤੇ ਪੰਚਾਂ ਲਈ 4718 ਨਾਮਜ਼ਦਗੀਆਂ ਦਾਖ਼ਲ : ਡਾ. ਸੋਨਾ ਥਿੰਦ

ਫਤਹਿਗੜ੍ਹ ਸਾਹਿਬ, 9 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-



ਪੰਚਾਇਤੀ ਚੋਣਾਂ ਸਬੰਧੀ ਜ਼ਿਲ੍ਹੇ ਵਿੱਚ 429 ਪੰਚਾਇਤਾਂ ਬਾਬਤ ਨਾਮਜ਼ਦਗੀਆਂ ਭਰਨ ਦੇ ਆਖਰੀ ਦਿਨ ਮਿਤੀ 4 ਅਕਤੂਬਰ 2024 ਤੱਕ ਸਰਪੰਚਾਂ ਲਈ 1604 ਅਤੇ ਪੰਚਾਂ ਲਈ 4718 ਨਾਮਜ਼ਦਗੀਆਂ ਦਾਖ਼ਲ ਕੀਤੀਆਂ ਗਈਆਂ ਹਨ।

ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਬਲਾਕ ਸਰਹਿੰਦ ਵਿੱਚ ਪੰਚਾਇਤਾਂ ਦੀ ਗਿਣਤੀ 98, ਬਸੀ ਪਠਾਣਾਂ ਵਿੱਚ 78, ਅਮਲੋਹ ਵਿੱਚ 95, ਖਮਾਣੋਂ ਵਿੱਚ 72 ਅਤੇ ਬਲਾਕ ਖੇੜਾ ਵਿੱਚ 86 ਗ੍ਰਾਮ ਪੰਚਾਇਤਾਂ ਹਨ। 4 ਅਕਤੂਬਰ 2024 ਤੱਕ ਬਲਾਕ ਸਰਹਿੰਦ ਵਿੱਚ ਸਰਪੰਚਾਂ ਲਈ 387 ਅਤੇ ਪੰਚਾਂ ਲਈ 1215 ਨਾਮਜ਼ਦਗੀਆਂ ਦਾਖਲ ਕੀਤੀਆਂ ਗਈਆਂ ਹਨ। ਬੱਸੀ ਪਠਾਣਾਂ ਵਿੱਚ ਸਰਪੰਚਾਂ ਲਈ 256 ਅਤੇ ਪੰਚਾਂ ਲਈ 723, ਬਲਾਕ ਅਮਲੋਹ ਵਿੱਚ ਸਰਪੰਚਾਂ ਲਈ 382 ਤੇ ਪੰਚਾਂ ਲਈ 1104, ਬਲਾਕ ਖਮਾਣੋਂ ਵਿੱਚ ਸਰਪੰਚਾਂ ਲਈ 255 ਅਤੇ ਪੰਚਾਂ ਲਈ 776 ਅਤੇ ਬਲਾਕ ਖੇੜਾ ਵਿੱਚ ਸਰਪੰਚਾਂ ਲਈ 324 ਤੇ ਪੰਚਾਂ ਲਈ 900 ਨਾਮਜ਼ਦਗੀਆਂ ਦਾਖਲ ਕੀਤੀਆਂ ਗਈਆਂ ਹਨ।

# ਕਾਰੋਬਾਰੀ ਨਾਲ 1 ਕਰੋੜ ਦੀ ਠੱਗੀ ਦਾ ਮਾਮਲਾ: ਸਾਈਬਰ ਥਾਣੇ ਦੀ ਪੁਲਸ ਨੇ 34 ਲੱਖ ਰੁਪਏ ਕਰਵਾਏ ਵਾਪਸ

ਲੁਧਿਆਣਾ, 9 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ਼ਹਿਰ ਦੇ ਕਾਰੋਬਾਰੀ ਰਾਜਨੀਸ਼ ਆਹੂਜਾ ਨਾਲ 1 ਕਰੋੜ ਦੀ ਸਾਈਬਰ ਠੱਗੀ ਦੇ ਮਾਮਲੇ 'ਚ ਸਾਈਬਰ ਥਾਣੇ ਦੀ ਪੁਲਸ ਨੇ 34 ਲੱਖ ਰੁਪਏ ਰਿਕਵਰ ਕੀਤੇ ਹਨ, ਜੋ ਪੁਲਸ ਨੇ ਕਾਰੋਬਾਰੀ ਨੂੰ ਸੌਂਪ ਦਿੱਤੇ ਹਨ। ਜਾਣਕਾਰੀ ਦਿੰਦੇ ਹੋਏ ਸਾਈਬਰ ਥਾਣੇ ਦੇ ਐੱਸ. ਐੱਚ. ਓ. ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਆਟੋ ਪਾਰਟਸ ਦੇ ਕਾਰੋਬਾਰੀ ਰਜਨੀਸ਼ ਆਹੂਜਾ ਨੇ ਸ਼ਿਕਾਇਤ ਦਿੱਤੀ ਸੀ ਕਿ 20 ਸਤੰਬਰ ਨੂੰ ਉਸ ਨੂੰ ਇਕ ਕਾਲ ਆਈ ਸੀ।

ਕਾਲ ਕਰਨ ਵਾਲੇ ਨੇ ਕਿਹਾ ਸੀ ਕਿ ਉਹ ਦਿੱਲੀ ਏਅਰਪੋਰਟ ਤੋਂ ਬੋਲ ਰਿਹਾ ਹੈ। ਉਨ੍ਹਾਂ ਨੂੰ ਇਕ ਪਾਰਸਲ ਮਿਲਿਆ ਹੈ, ਜਿਸ ਵਿਚ ਕੁਝ ਪਾਸਪੋਰਟ, ਏ. ਟੀ. ਐੱਮ. ਕਾਰਡ ਮਿਲੇ ਹਨ। ਪਾਰਸਲ 'ਚ ਉਨ੍ਹਾਂ ਦੀ ਆਈ. ਡੀ. ਵਰਤੀ ਗਈ ਹੈ, ਜਿਸ ਤੋਂ ਬਾਅਦ ਮੁਲਜ਼ਮਾਂ ਨੇ ਦਿੱਲੀ ਪੁਲਸ ਦੇ ਅਧਿਕਾਰੀ ਬਣ ਕੇ ਉਸ ਨੂੰ ਅਰੈਸਟ ਕਰਨ ਦਾ ਡਰਾਵਾ ਦੇ ਕੇ 1 ਕਰੋੜ ਰੁਪਏ ਟ੍ਰਾਂਸਫਰ ਕਰਵਾ ਲਏ ਸਨ ਪਰ ਉਸ ਨੂੰ ਬਾਅਦ 'ਚ ਪਤਾ ਲੱਗਾ ਕਿ ਉਸ ਦੇ ਨਾਲ ਠੱਗੀ ਹੋਈ ਹੈ।

ਉਸ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਪੁਲਸ ਨੇ ਤੁਰੰਤ ਮੁਲਜ਼ਮਾਂ ਦੇ ਬੈਂਕ ਖਾਤੇ ਦੀ ਡਿਟੇਲ ਕਢਵਾਈ, ਜਿਸ ਵਿਚ ਇਕ ਖਾਤੇ 'ਚ 34 ਲੱਖ ਰੁਪਏ ਪਏ ਹੋਏ ਸਨ, ਜਿਸ ਨੂੰ ਫ੍ਰੀਜ਼ ਕਰ ਦਿੱਤਾ ਗਿਆ। ਫਿਰ ਉਹ ਪੈਸੇ ਕਢਵਾਉਣ ਲਈ ਕਾਨੂੰਨੀ ਪ੍ਰਕਿਰਿਆ ਪੂਰੀ ਕਰ ਕੇ ਅਦਾਲਤ ਦੇ ਜ਼ਰੀਏ ਰਿਲੀਜ਼ ਕਰਵਾ ਕੇ ਸ਼ਿਕਾਇਤਕਰਤਾ ਨੂੰ ਵਾਪਸ ਦਿੱਤੇ ਗਏ ਹਨ।

# ਡਿਪਟੀ ਕਮਿਸ਼ਨਰ, ਸ੍ਰੀ ਉਮਾ ਸ਼ੰਕਰ ਗੁਪਤਾ ਨੇ ਖੁਦ ਟਰੈਕਟਰ 'ਤੇ ਬੈਠ ਕੇ ਖੇਤ ਵਿੱਚੋਂ ਬੇਲਰ ਰਾਹੀਂ ਪਰਾਲੀ ਦੀਆਂ ਗੱਠਾਂ ਬਣਵਾਈਆਂ



ਗੁਰਦਾਸਪੁਰ, 9 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਜਦੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ, ਸ੍ਰੀ ਉਮਾ ਸ਼ੰਕਰ ਗੁਪਤਾ, ਕਲਾਨੌਰ ਦੇ ਸਰਹੱਦੀ ਪਿੰਡਾਂ ਭਿਖਾਰੀਵਾਲ ਤੇ ਦੋਸਤਪੁਰ ਵਿਖੇ ਪਰਾਲੀ ਨਾ ਸਾੜਨ ਦੀ ਅਪੀਲ ਕਰਨ ਅਤੇ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ ਮਿਲਣ ਲਈ ਪਹੁੰਚੇ ਤਾਂ ਉਨ੍ਹਾਂ ਖੁਦ ਟਰੈਕਟਰ 'ਤੇ ਬੈਠ ਕੇ ਖੇਤ ਵਿੱਚੋਂ ਬੇਲਰ ਰਾਹੀਂ ਪਰਾਲੀ ਦੀਆਂ ਗੱਠਾਂ ਬਣਵਾਈਆਂ। ਇਸ ਮੌਕੇ ਉਨ੍ਹਾਂ ਦੇ ਨਾਲ ਐਸ. ਐਸ. ਪੀ ਗੁਰਦਾਸਪੁਰ, ਸ੍ਰੀ ਹਰੀਸ਼ ਦਾਯਮਾ ਵੀ ਮੌਜੂਦ ਸਨ।

ਇਸ ਮੌਕੇ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਖੁਦ ਅਤੇ ਐਸ.ਐਸ.ਪੀ ਗੁਰਦਾਸਪੁਰ, ਵਲੋਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਮਿਲ ਕੇ ਪਰਾਲੀ ਨਾ ਸਾੜਨ ਅਤੇ ਪਰਾਲੀ ਪ੍ਰਬੰਧਨ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਕਿਸਾਨ ਰਾਜਵਿੰਦਰ ਸਿੰਘ, ਵਾਸੀ ਸ਼ਹੂਰ ਦੇ ਖੇਤ ਵਿੱਚ ਬੇਲਰ ਰਾਹੀਂ ਪਰਾਲੀ ਦੀਆਂ ਗੱਠਾਂ ਬਣਵਾਈਆਂ ਗਈਆਂ ਅਤੇ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਵਲੋਂ ਪਰਾਲੀ ਦੀ ਸੰਭਾਲ ਲਈ ਕਰੀਬ 5000 ਖੇਤੀ ਮਸ਼ੀਨਰੀ ਉਪਲੱਬਧ ਕਰਵਾਈ ਗਈ ਹੈ ਅਤੇ ਪ੍ਰਸ਼ਾਸਨ ਦੀਆਂ ਸਿਵਲ ਤੇ ਪੁਲਿਸ ਦੀਆਂ ਸਾਂਝੀਆਂ ਟੀਮਾਂ ਵਲੋਂ ਪਿੰਡਾਂ ਜਾ ਕੇ ਕਿਸਾਨਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਪਰਾਲੀ ਨਾ ਸਾੜਨ ਅਤੇ ਖੇਤੀ ਮਸ਼ੀਨਰੀ ਦੀ ਵੱਧ ਤੋਂ ਵੱਖ ਵਰਤੋਂ ਕੀਤੀ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਦ ਸਾਡੇ ਕੋਲ ਪਰਾਲੀ ਪ੍ਰਬੰਧਨ ਲਈ ਤਕਨੀਕਾਂ ਮੌਜੂਦ ਹਨ ਤਾਂ ਸਾਨੂੰ ਇਨ੍ਹਾਂ ਤਕਨੀਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਇਸ ਨਾਲ ਜਿਥੇ ਵਾਤਾਵਰਣ ਪਲੀਤ ਹੋਣ ਤੋਂ ਬਚਦਾ ਹੈ, ਉਥੇ ਹੀ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ,ਖਾਦਾਂ ਦੀ ਵਰਤੋਂ 'ਚ ਵੀ ਕਮੀ ਆਉਂਦੀ ਹੈ ਅਤੇ ਸਾਡੀ ਸਿਹਤ ਵੀ ਠੀਕ ਰਹਿੰਦੀ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਬੇਲਰ, ਸੁਪਰ ਸੀਡਰ, ਚੋਪਰ, ਸੁਪਰ ਐਸ.ਐਮ.ਐਸ ਤੇ ਹੈਪੀ ਸੀਡਰ ਵਰਗੀ ਮਸ਼ੀਨਰੀ ਉਪਲਬਧ ਹੈ ਤੇ ਕਿਸਾਨ ਇਸ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਪਰਾਲੀ ਦਾ ਨਿਪਟਾਰਾ ਇੰਨ ਸੀਟੂ ਤੇ ਐਕਸ ਸੀਟੂ ਤਕਨੀਕਾਂ ਨਾਲ ਕਰਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨ, ਮਸ਼ੀਨਰੀ ਦੀ ਬੁਕਿੰਗ ਲਈ ਪੰਜਾਬ ਸਰਕਾਰ ਵੱਲੋਂ ਤਿਆਰ ਕੀਤੀ 'ਉੱਨਤ ਕਿਸਾਨ' ਐਪ ਦੀ ਵਰਤੋਂ ਕਰਨ। 'ਉੱਨਤ ਕਿਸਾਨ' ਐਪ 'ਤੇ ਜ਼ਿਲ੍ਹੇ ਦੀਆਂ ਸੀ.ਆਰ.ਐਮ. ਮਸ਼ੀਨਾਂ ਨੂੰ ਮੈਪ ਕੀਤਾ ਗਿਆ ਹੈ ਅਤੇ ਕਿਸਾਨ ਇਸ ਮੋਬਾਈਲ ਐਪਲੀਕੇਸ਼ਨ ਰਾਹੀਂ ਆਪਣੇ ਆਸ-ਪਾਸ ਉਪਲਬਧ ਮਸ਼ੀਨ ਆਸਾਨੀ ਨਾਲ ਬੁੱਕ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਮਸ਼ੀਨਾਂ ਦੀ ਬੁਕਿੰਗ ਪ੍ਰਕਿਰਿਆ ਵਿੱਚ ਕਿਸਾਨਾਂ ਦੀ ਸਹਾਇਤਾ ਲਈ ਨੋਡਲ ਅਫ਼ਸਰ ਤੇ ਵਿਲੇਜ਼ ਲੈਵਲ ਅਫ਼ਸਰ ਤਾਇਨਾਤ ਕੀਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਜੇਕਰ ਕਿਸੇ ਕਿਸਾਨ ਨੂੰ ਪਰਾਲੀ ਦੇ ਪ੍ਰਬੰਧਨ ਸਬੰਧੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਨੇੜਲੇ ਖੇਤੀਬਾੜੀ ਵਿਭਾਗ ਜਾਂ ਐਸਡੀਐਮ ਦੇ ਦਫਤਰ ਨਾਲ ਸੰਪਰਕ ਕਰ ਸਕਦੇ ਹਨ ਜਾਂ ਹੈਲਪ ਲਾਈਨ ਨੰਬਰ 1800-180-1852 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਮੈਡਮ ਜਯੋਤਸਨਾ ਸਿੰਘ, ਐਸਡੀਐਮ, ਕਲਾਨੌਰ, ਸੁਰਿੰਦਰਪਾਲ ਸਿੰਘ, ਮੁੱਖ ਖੇਤੀਬਾੜੀ ਅਫਸਰ, ਮਨਜੀਤ ਸਿੰਘ ਏ.ਡੀ.ਓ. ਪ੍ਰਭਜੋਤ ਸਿੰਘ ਅਤੇ ਇੰਜ. ਦੀਪਕ ਭਾਰਦਵਾਜ ਵੀ ਮੌਜੂਦ ਸਨ।

# ਸ਼ਿਵ ਸੈਨਾ ਹਿੰਦੁਸਤਾਨ ਮੋਹਾਲੀ ਦੇ ਦੋ ਸਾਬਕਾ ਆਗੂ ਸ਼੍ਰੀ ਦੀਪਕ ਜੈਨ ਅਤੇ ਸ਼੍ਰੀਮਤੀ ਕਿਰਨ ਜੈਨ ਨੇ ਪਾਰਟੀ ਦੇ ਕੌਮੀ ਪ੍ਰਧਾਨ ਸ੍ਰੀ ਪਵਨ ਗੁਪਤਾ ਨਾਲ ਮੁਲਾਕਾਤ




ਪਟਿਆਲਾ, 9 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੁਝ ਦਿਨ ਪਹਿਲਾਂ ਸ਼ਿਵ ਸੈਨਾ ਹਿੰਦੁਸਤਾਨ ਮੋਹਾਲੀ ਦੇ ਦੋ ਸਾਬਕਾ ਆਗੂ ਸ਼੍ਰੀ ਦੀਪਕ ਜੈਨ ਅਤੇ ਸ਼੍ਰੀਮਤੀ ਕਿਰਨ ਜੈਨ ਨੇ ਪਟਿਆਲਾ ਆ ਕੇ ਜਿਲਾ ਮੋਹਾਲੀ-ਰੋਪੜ ਦੇ ਇੰਚਾਰਜ ਸ਼੍ਰੀ ਅਖਿਲੇਸ਼ ਜੀ ਨਾਲ ਮੁਲਾਕਾਤ ਕੀਤੀ।

ਉਨ੍ਹਾਂ ਆਪਣਾ ਪੱਖ ਵਿਸਥਾਰ ਨਾਲ ਪੇਸ਼ ਕੀਤਾ। ਪਾਰਟੀ ਦੇ ਕੌਮੀ ਪ੍ਰਧਾਨ ਸ੍ਰੀ ਪਵਨ ਗੁਪਤਾ ਨੇ ਉਹਨਾਂ ਵੱਲੋਂ ਪੇਸ਼ ਕੀਤੇ ਗਏ । ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦਿਆਂ ਫੈਸਲਾ ਕੀਤਾ ਹੈ ਕਿ ਉਹਨਾਂ ਨੂੰ ਉਹਨਾਂ ਅਹੁਦਿਆਂ 'ਤੇ ਤੁਰੰਤ ਪ੍ਰਭਾਵ ਨਾਲ ਬਹਾਲ ਕੀਤਾ ਜਾਵੇਗਾ ਜਿੱਥੋਂ ਉਹਨਾਂ ਨੂੰ ਮੁਅੱਤਲ ਕੀਤਾ ਗਿਆ ਸੀ।

ਸ਼੍ਰੀਮਤੀ ਕਿਰਨ ਜੈਨ ਨੂੰ ਜ਼ਿਲ੍ਹਾ ਪ੍ਰਧਾਨ ਹਿੰਦੁਸਤਾਨ ਮਹਿਲਾ ਸੈਨਾ ਮੁਹਾਲੀ ਅਤੇ ਸ੍ਰੀ ਦੀਪਕ ਜੈਨ ਨੂੰ ਮੁੜ ਜ਼ਿਲ੍ਹਾ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ ਮੁਹਾਲੀ ਨਿਯੁਕਤ ਕੀਤਾ ਗਿਆ ਹੈ।ਪਾਰਟੀ ਦੀ ਸਥਾਨਕ ਇਕਾਈ ਮੁਹਾਲੀ ਨੇ ਵੀ ਅਜਿਹਾ ਮਤਾ ਪਾਸ ਕਰਕੇ ਪਾਰਟੀ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ ਮੁਹਾਲੀ ਨਿਯੁਕਤ ਕੀਤਾ ਗਿਆ ਦੇ ਕੌਮੀ ਪ੍ਰਧਾਨ ਕੋਲ ਮੰਗ ਕੀਤੀ ਸੀ।

# ਝੋਨੇ ਦੀ ਖ਼ਰੀਦ ਨਾਲ ਸਬੰਧਤ ਕਿਸੇ ਵੀ ਧਿਰ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ



**ਗੁਰਦਾਸਪੁਰ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਉਮਾ ਸ਼ੰਕਰ ਗੁਪਤਾ,ਡਿਪਟੀ ਕਮਿਸ਼ਨਰ ਵਲੋਂ ਦਾਣਾ ਮੰਡੀ ਕਾਹਨੂੰਵਾਨ ਅਤੇ ਜੜ੍ਹਾਂ ਛੱਤਰਾਂ ਵਿਖੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ। ਡਿਪਟੀ ਕਮਿਸ਼ਨਰ ਵਲੋਂ ਕਾਹਨੂੰਵਾਨ ਮੰਡੀ ਵਿਖੇ ਕਿਸਾਨ ਜਸਪਾਲ ਸਿੰਘ ਦੀ ਮਾਰਕਫੈੱਡ ਦੀ ਫੜ੍ਹ 'ਤੇ ਅਤੇ ਜੜ੍ਹਾਂ ਮੰਡੀ ਵਿਖੇ ਕਿਸਾਨ ਅਮਰਬੀਰ ਸਿੰਘ ਦੀ ਪਨਗ੍ਰੇਨ ਦੇ ਫੜ੍ਹ 'ਤੇ ਢੇਰੀ ਦੀ ਬੋਲੀ ਕਰਵਾ ਕੇ ਖਰੀਦ ਦਾ ਆਗਾਜ਼ ਕੀਤਾ ਗਿਆ।

ਇਸ ਮੌਕੇ ਡਿਪਟੀ ਕਮਿਸ਼ਨਰ, ਸ੍ਰੀ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਝੋਨੇ ਦੀ ਖ਼ਰੀਦ ਨਾਲ ਸਬੰਧਤ ਕਿਸੇ ਵੀ ਧਿਰ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਨਾਲ ਹੀ ਉਨ੍ਹਾਂ ਨੇ ਖ਼ਰੀਦ ਸਬੰਧੀ ਸਾਰੀਆਂ ਸਬੰਧਤ ਧਿਰਾਂ ਨੂੰ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਝੋਨੇ ਦੀ ਖਰੀਦ ਲਈ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਪ੍ਰਬੰਧ ਮੁਕੰਮਲ ਹਨ। ਕਿਸਾਨਾਂ ਲਈ ਪੀਣ ਵਾਲੇ ਪਾਣੀ, ਬੈਠਣ, ਬਿਜਲੀ ਦੇ ਪ੍ਰਬੰਧ ਪੁਖ਼ਤਾ ਕਰ ਲਏ ਗਏ ਹਨ ਅਤੇ ਕਿਸਾਨਾਂ ਨੂੰ ਮੰਡੀਆਂ 'ਚ ਕਿਸੇ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁੱਕੀ ਫ਼ਸਲ ਹੀ ਮੰਡੀਆਂ ਵਿੱਚ ਲੈ ਕੇ ਆਉਣ। ਸੁੱਕੀ ਫ਼ਸਲ ਦੀ ਨਾਲੋਂ-ਨਾਲ ਖ਼ਰੀਦ ਕਰ ਕੇ ਤੈਅ ਸਮੇਂ ਦੇ ਵਿੱਚ-ਵਿੱਚ ਕਿਸਾਨਾਂ ਨੂੰ ਅਦਾਇਗੀ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗੁਰਦਾਸਪੁਰ ਜ਼ਿਲ੍ਹੇ ਦੀ ਹਦੂਦ ਅੰਦਰ ਸ਼ਾਮ 5 ਵਜੇ ਤੋਂ ਲੈ ਕੇ ਸਵੇਰੇ 10 ਵਜੇ ਤੱਕ ਕੰਬਾਈਨਾਂ ਨਾਲ ਝੋਨਾ ਕੱਟਣ 'ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਸਿੱਲੀ ਫਸਲ ਕੱਟਣ ਕਾਰਨ ਨਮੀ ਸਰਕਾਰ ਦੀਆਂ ਨਿਰਧਾਰਤ ਸਪੈਸੀਫਿਕੇਸ਼ਨਜ਼ ਤੋਂ ਉਪਰ ਹੁੰਦੀ ਹੈ ਅਤੇ ਸਰਕਾਰੀ ਖਰੀਦ ਏਜੰਸੀਆਂ ਉਸ ਝੋਨੇ ਨੂੰ ਖਰੀਦਣ ਤੋਂ ਅਸਮਰਥ ਹੁੰਦੀਆਂ ਹਨ, ਜਿਸ ਕਾਰਨ ਕਿਸਾਨਾਂ ਨੂੰ ਬੇ-ਵਜ੍ਹਾ ਮੰਡੀਆਂ ਵਿੱਚ ਖੱਜਲ-ਖੁਆਰ ਹੋਣਾ ਪੈਂਦਾ ਹੈ, ਇਸ ਲਈ ਰਾਤ ਸਮੇਂ ਫਸਲ ਦੀ ਕਟਾਈ ਨਾ ਕੀਤੀ ਜਾਵੇ।

ਡਿਪਟੀ ਕਮਿਸ਼ਨਰ ਨੇ ਇਹ ਵੀ ਅਪੀਲ ਕੀਤੀ ਕਿ ਵਾਤਾਵਰਨ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ।

ਇਸ ਮੌਕੇ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ, ਸੁਖਵਿੰਦਰ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ, ਕੁਲਜੀਤ ਸਿੰਘ ਸੈਣੀ, ਸਕੱਤਰ ਮਾਰਕੀਟ ਕਮੇਟੀ, ਸਮੂਹ ਏਜੰਸੀਆਂ ਦੇ ਨੁਮਾਇੰਦਿਆਂ ਸਮੇਤ ਕਿਸਾਨ ਹਾਜ਼ਰ ਸਨ।

# ਜ਼ਿਲ੍ਹਾ ਮੈਜਿਸਟਰੇਟ ਨੇ ਹਥਿਆਰ ਜਮ੍ਹਾਂ ਕਰਵਾਉਣ ਦੀ ਛੋਟ ਵਾਲਿਆਂ ਬਾਰੇ ਦਿੱਤੀ ਜਾਣਕਾਰੀ

**ਰੂਪਨਗਰ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ੍ਰੇਟ ਰੂਪਨਗਰ ਸ੍ਰੀ ਹਿਮਾਂਸ਼ੂ ਜੈਨ ਨੇ ਧਾਰਾ 163 ਅਧੀਨ ਹੁਕਮ ਕੀਤੇ ਕਿ ਜੇਕਰ ਕੋਈ ਵਿਅਕਤੀ ਕਿਸੇ ਇੰਸਟੀਚਿਊਟ/ਬੈਂਕ ਜਾਂ ਕਿਸੇ ਪ੍ਰਾਈਵੇਟ ਅਦਾਰੇ ਵਿੱਚ ਸਕਿਊਰਟੀ ਗਾਰਡਜ਼, ਫੈਕਟਰੀ ਦੇ ਸਕਿਊਰਟੀ ਗਾਰਡਜ਼, ਪੈਟਰੋਲ ਪੰਪ ਮਾਲਕਾਂ, ਮਨੀ ਐਕਸਚੇਂਜ ਦੇ ਮਾਲਕਾਂ, ਜਵੈਲਰ ਸ਼ੋਪ ਮਾਲਕ, ਸਪੋਰਟਸ ਪਰਸਨ (ਉਹ ਸ਼ੂਟਰ ਜੋ ਨੈਸ਼ਨਲ ਰਾਈਫਲ ਐਸੋਸੀਏਸ਼ਨ ਦੇ ਮੈਂਬਰ ਹੋਣ ਤੇ ਕਿਸੇ ਈਵੈਂਟ ਵਿੱਚ ਭਾਗ ਲੈ ਰਹੇ ਹੋਣ) ਜਿਨ੍ਹਾਂ ਨੂੰ ਜ਼ੈਡ ਪਲੱਸ ਸਕਿਊਰਟੀ ਮਿਲੀ ਹੋਵੇ ਜਾਂ ਮਾਨਯੋਗ ਅਦਾਲਤ ਵੱਲੋਂ ਨਿੱਜੀ ਸੁਰੱਖਿਆ ਦੇ ਮੱਦੇਨਜ਼ਰ ਹਥਿਆਰ ਜਮ੍ਹਾਂ ਕਰਵਾਉਣ ਤੋਂ ਛੋਟ ਦਿੱਤੀ ਹੋਵੇ, ਨੂੰ ਹਥਿਆਰ ਜਮ੍ਹਾਂ ਕਰਵਾਉਣ ਦੀ ਛੋਟ ਦਿੱਤੀ ਜਾਂਦੀ ਹੈ।

# ਨਾਮਜ਼ਦਗੀ ਅਭਿਆਸ ਦੀ ਜਾਂਚ ਕੀਤੀ, ਡੀ.ਸੀ ਅਤੇ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ



**ਲੁਧਿਆਣਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਾਇਤੀ ਚੋਣਾਂ ਨੂੰ ਸ਼ਾਂਤਮਈ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਰਾਜ ਚੋਣ ਕਮਿਸ਼ਨ ਨੇ ਜ਼ਿਲ੍ਹਾ ਲੁਧਿਆਣਾ ਲਈ ਅਬਜ਼ਰਵਰ ਨਿਯੁਕਤ ਕੀਤੇ ਹਨ।

ਅਬਜ਼ਰਵਰ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਸੀਨੀਅਰ ਆਈ.ਏ.ਐਸ. ਅਫਸਰ ਨੇ ਸ਼ੁੱਕਰਵਾਰ ਨੂੰ ਆਪਣਾ ਅਹੁਦਾ ਸੰਭਾਲ ਲਿਆ।

ਪੰਚਾਇਤੀ ਚੋਣ ਸਬੰਧੀ ਕਿਸੇ ਵੀ ਮੁੱਦੇ ਜਾਂ ਸ਼ਿਕਾਇਤ ਲਈ ਅਬਜ਼ਰਵਰ ਨਾਲ 77430-12314 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਹ ਅੰਤਰਰਾਸ਼ਟਰੀ ਗੈਸਟ ਹਾਊਸ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਰੁਕਣਗੇ।

ਉਹਨਾਂ ਦੀ ਈਮੇਲ ਆਈਡੀ apssandhuBBAA@ gmail.c om ਹੈ।

ਬਾਅਦ ਵਿੱਚ ਅਬਜ਼ਰਵਰ ਨੇ ਡੀ.ਸੀ ਸ੍ਰੀ ਜਤਿੰਦਰ ਜੋਰਵਾਲ, ਏ.ਡੀ.ਸੀ ਡਾਕਟਰ ਹਰਜਿੰਦਰ ਸਿੰਘ ਬੇਦੀ ਅਤੇ ਪੁਲਿਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ। ਉਨ੍ਹਾਂ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ ਨਾਮਜ਼ਦਗੀ ਅਭਿਆਸ ਦੀ ਜਾਂਚ ਕੀਤੀ।

# ਪਿੰਡ ਲੋਹਗੜ੍ਹ ਦੇ 26 ਸਾਲਾ ਨੌਜਵਾਨ ਦੀ ਭੇਤ ਭਰੇ ਹਾਲਾਤਾਂ ਵਿੱਚ ਮੌਤ, ਪਿੰਡ ਵਿੱਚ ਸੋਗ ਦੀ ਲਹਿਰ

**ਜ਼ੀਰਕਪੁਰ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੁੱਕਰਵਾਰ ਨੂੰ ਪਿੰਡ ਲੋਹਗੜ੍ਹ ਦੇ 26 ਸਾਲਾ ਨੌਜਵਾਨ ਰਮਨਦੀਪ ਸਿੰਘ ਸਿੱਧੂ ਪੁੱਤਰ ਮੋਹਨ ਸਿੰਘ ਦੀ ਭੇਤ ਭਰੇ ਹਾਲਾਤਾਂ ਵਿੱਚ ਨਸ਼ਾਦਾਨ ਹੋਈ ਮੌਤ ਤੋਂ ਬਾਅਦ ਪਿੰਡ ਲੋਹਗੜ੍ਹ ਵਿੱਚ ਸੋਗ ਅਤੇ ਸੋਗ ਦੀ ਲਹਿਰ ਹੈ। ਰਮਨਦੀਪ ਆਪਣੇ ਪਿੱਛੇ 2 ਸਾਲ ਦਾ ਬੇਟਾ ਅਤੇ ਪਤਨੀ ਛੱਡ ਗਿਆ ਹੈ, ਜਿਸ ਦੀ ਸ਼ੁੱਕਰਵਾਰ ਸਵੇਰੇ ਭੇਤ ਭਰੇ ਹਲਾਤਾਂ 'ਚ ਮੌਤ ਹੋ ਗਈ। ਰਮਨਦੀਪ ਦੇ ਵਿਆਹ ਹੋਏ ਨੂੰ ਹਜੇ 3 ਸਾਲ ਹੋਏ ਸਨ।



ਰਮਨਦੀਪ ਦੇ ਭਰਾ ਹਰਮਨ ਸਿੱਧੂ ਅਨੁਸਾਰ ਰਮਨਦੀਪ ਵੀਰਵਾਰ ਸਵੇਰੇ ਕਿਸੇ ਸਿਆਸੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਜਗਾਧਰੀ ਹਰਿਆਣਾ ਗਿਆ ਹੋਇਆ ਸੀ ਅਤੇ ਰਾਤ ਤੱਕ ਘਰ ਵਾਪਸ ਨਹੀਂ ਆਇਆ ਸੀ। ਜਦੋਂ ਉਸਨੇ ਉਸਨੂੰ ਸ਼ਾਮ ਨੂੰ ਫੋਨ ਕੀਤਾ ਤਾਂ ਉਸਦੇ ਇਕ ਦੋਸਤ ਨੇ ਫੋਨ ਚੁੱਕ ਕੇ ਦੱਸਿਆ ਕਿ ਉਹ ਬੁੱਤ ਪਿਆ ਹੈ, ਜਿਸ ਉਪਰੰਤ ਉਹ ਰਾਤ ਨੂੰ ਜਦੋਂ ਆਪਣੇ ਭਰਾ ਰਮਨ ਸਿੱਧੂ ਨੂੰ ਮਿਲਣ ਲਈ ਉਸਦੇ ਟਿਕਾਣੇ 'ਤੇ ਗਿਆ ਤਾਂ ਉਸਦੇ ਦੋਸਤਾਂ ਨੇ ਕਿਹਾ ਕਿ ਉਸਨੇ ਸ਼ਰਾਬ ਪੀ ਲਿੱਤੀ ਹੈ, ਨਸ਼ਾ ਉਤਰਨ ਤੋਂ ਬਾਅਦ ਉਹ ਉਸਨੂੰ ਛੱਡ ਦੇਣਗੇ। ਸ਼ੁੱਕਰਵਾਰ ਸਵੇਰ ਤੱਕ ਜਦੋਂ ਰਮਨਦੀਪ ਘਰ ਨਹੀਂ ਪਹੁੰਚਿਆ ਤਾਂ ਉਸ ਦਾ ਪਰਿਵਾਰ ਚਿੰਤਤ ਹੋ ਗਿਆ ਅਤੇ ਆਖਰਕਾਰ ਉਸ ਦਾ ਭਰਾ ਹਰਮਨ ਉਸ ਨੂੰ ਲੈਣ ਗਿਆ ਤਾਂ ਉਸਦੀ ਤਬੀਅਤ ਠੀਕ ਨਹੀਂ ਸੀ ਜਿਸਨੂੰ ਹਰਮਨ ਰਮਨਦੀਪ ਦੇ ਦੋ ਹੋਰ ਸਾਥੀਆਂ ਮਨਿੰਦਰ ਅਤੇ ਗੋਲੂ ਦੇ ਨਾਲ ਇਕ ਨਿੱਜੀ ਹਸਪਤਾਲ ਲੈ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਜੀਐਮਸੀਐਚ ਸੈਕਟਰ 32 ਹਸਪਤਾਲ ਚੰਡੀਗੜ੍ਹ ਭੇਜ ਦਿੱਤਾ ਜਿੱਥੇ ਪਹੁੰਚਣ ਤੇ ਡਾਕਟਰਾਂ ਨੇ ਰਮਨਦੀਪ ਸਿੱਧੂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਉਸਦੀ ਮੌਤ ਦਾ ਸਹੀ ਕਾਰਨ ਅਜੇ ਵੀ ਅਣਜਾਣ ਹੈ ਅਤੇ ਫਿਲਹਾਲ ਜ਼ੀਰਕਪੁਰ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਰਮਨਦੀਪ, ਜੋ ਕਿ ਆਪਣੇ ਪਰਿਵਾਰ ਅਤੇ ਸਮਾਜ ਪ੍ਰਤੀ ਆਪਣੇ ਦਿਆਲੂ ਦਿਲ ਅਤੇ ਸਮਰਪਣ ਲਈ ਜਾਣਿਆ ਜਾਂਦਾ ਸੀ, ਦੇ ਅਕਾਲ ਚਲਾਣੇ 'ਤੇ ਪੂਰਾ ਪਿੰਡ ਲੋਹਗੜ੍ਹ ਸੋਗ ਵਿੱਚ ਹੈ। ਉਹ ਇੱਕ ਪਿਆਰਾ ਭਰਾ, ਪਤੀ ਅਤੇ ਪਿਤਾ ਸੀ, ਅਤੇ ਉਸਦੀ ਬੇਵਕਤੀ ਮੌਤ ਨੇ ਉਹਨਾਂ ਸਾਰਿਆਂ ਦੇ ਦਿਲਾਂ ਵਿੱਚ ਇੱਕ ਖਲਾਅ ਛੱਡ ਦਿੱਤਾ ਹੈ ਜੋ ਉਸਨੂੰ ਜਾਣਦੇ ਸਨ। ਪਿੰਡ ਵਿੱਚ ਇੱਕ ਲੰਮੇ ਇਤਿਹਾਸ ਅਤੇ ਮਜ਼ਬੂਤ ਮੌਜੂਦਗੀ ਰੱਖਣ ਵਾਲਾ ਸਿੱਧੂ ਪਰਿਵਾਰ ਇਸ ਦੁਖਦਾਈ ਘਾਟੇ ਤੋਂ ਦੁਖੀ ਹੈ। ਪਰਿਵਾਰ ਵੱਲੋਂ ਉਸਦੀ ਅਚਾਨਕ ਮੌਤ ਤੇ ਸ਼ੱਕ ਜ਼ਾਹਿਰ ਕਰਨ ਤੇ ਪੁਲਿਸ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਆਰੰਭ ਕਰ ਦਿੱਤੀ ਹੈ। ਪੁਲਿਸ ਸ਼ਨੀਵਾਰ ਨੂੰ ਮ੍ਰਿਤਕ ਰਮਨਦੀਪ ਦੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿੱਚ ਪੋਸਟਮਾਰਟਮ ਕਰਵਾਏਗੀ। ਐਸਐਚਓ ਜ਼ੀਰਕਪੁਰ ਇੰਸਪੈਕਟਰ ਜਸਕਵਲ ਸਿੰਘ ਸੇਖੋਂ ਨੇ ਦੱਸਿਆ ਕਿ ਪਰਿਵਾਰ ਵੱਲੋਂ ਅਚਾਨਕ ਹੋਈ ਮੌਤ ਤੇ ਜਤਾਏ ਗਏ ਸ਼ੱਕ ਤੋਂ ਬਾਅਦ ਇਸ ਮਾਮਲੇ ਵਿੱਚ ਮੈਡੀਕਲ ਬੋਰਡ ਰਾਹੀਂ ਪੋਸਟਮਾਰਟਮ ਕਰਵਾਇਆ ਜਾਵੇਗਾ, ਡਾਕਟਰਾਂ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਬਣਦੀ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ ਸਿੱਧੂ ਪਰਿਵਾਰ ਨੇ ਇਸ ਔਖੀ ਘੜੀ ਵਿੱਚ ਨਿੱਜਤਾ ਦੀ ਬੇਨਤੀ ਕੀਤੀ ਹੈ ਅਤੇ ਭਾਈਚਾਰੇ ਦੇ ਸਹਿਯੋਗ ਦੀ ਮੰਗ ਕੀਤੀ ਹੈ।

# ਪੁਰਾਣੀ ਰੰਜਿਸ਼ ਨੂੰ ਲੈ ਕੇ ਵਿਅਕਤੀ ਨੂੰ ਮਾਰਿਆ ਚਾਕੂ

**ਡੇਰਾ ਬਸੀ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਰਾਣੀ ਰੰਜਿਸ਼ ਨੂੰ ਲੈ ਕੇ ਡੇਰਾਬੱਸੀ ਅਧੀਨ ਪੈਂਦੇ ਪਿੰਡ ਰਾਮਪੁਰ ਬਹਿਲ ਵਾਸੀ ਨੂੰ ਵਿਅਕਤੀਆਂ ਨੇ ਘੇਰ ਉਸ ਦੀ ਛਾਤੀ 'ਚ ਚਾਕੂ ਮਾਰ ਕੇ ਉਸ ਦਾ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਕਰਮਜੀਤ ਸਿੰਘ(42)ਪੁੱਤਰ ਹਰਬੰਸ ਸਿੰਘ ਵਜੋਂ ਹੋਈ ਹੈ। ਕਰਮਜੀਤ ਸਿੰਘ ਨੂੰ ਜ਼ਖ਼ਮੀ ਹਾਲਤ ਵਿੱਚ ਡੇਰਾਬੱਸੀ ਦੇ ਸਿਵਲ ਹਸਪਤਾਲ ਲਿਆਂਦਾ ਗਿਆ ਜਿੱਥੇ ਰਸਤੇ ਵਿੱਚ ਹੀ ਉਸ ਦੀ ਮੌਤ ਹੋ ਗਈ।

ਪੁਲਿਸ ਨੇ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਗ੍ਰਿਫ਼ਤਾਰ ਕਰ ਲਿਆ ਹੈ,ਮਾਮਲੇ ਦੀ ਤਫਤੀਸ਼ ਹਾਲੇ ਜਾਰੀ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਦੇ ਭਰਾ ਪਵਨ ਨੇ ਦੱਸਿਆ ਕਿ ਕਰਮਜੀਤ ਸਿੰਘ ਭਾਂਖਰਪੁਰ 'ਚ ਬਤੌਰ ਸੁਰੱਖਿਆ ਗਾਰਡ ਦਾ ਕੰਮ ਕਰਦਾ ਸੀ ਅਤੇ ਉਹ ਸਵੇਰੇ ਕਰੀਬ 7 ਵਜੇ ਡਿਊਟੀ 'ਤੇ ਗਿਆ ਸੀ।

ਉਸ ਦੇ ਨਾਲ ਪਿੰਡ ਦੀ ਇੱਕ ਔਰਤ ਵੀ ਸੀ ਜੋ ਡੇਰਾਬੱਸੀ ਏਟੀਐਸ ਸੁਸਾਇਟੀ ਵਿੱਚ ਘਰਾਂ ਵਿੱਚ ਕੰਮ ਕਰਦੀ ਸੀ। ਇਸ ਦੌਰਾਨ ਪਿੰਡ ਮਾਹੀਵਾਲਾ ਨੇੜੇ ਸਮਗੋਲੀ ਵਾਸੀ ਭਿੰਦਰ ਆਪਣੇ ਇੱਕ ਸਾਥੀ ਨਾਲ ਆਇਆ ਅਤੇ ਕਰਮਜੀਤ ਨੂੰ ਗਾਲ੍ਹਾਂ ਕੱਢਣੀਆਂ ਅਤੇ ਕੁੱਟਮਾਰ ਕਰਦੇ ਹੋਏ ਚਾਕੂ ਕੱਢ ਕੇ ਕਰਮਜੀਤ ਦੀ ਛਾਤੀ ਵਿੱਚ ਮਾਰ ਦਿੱਤਾ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਕਰਮਜੀਤ ਦੇ ਨਾਲ ਗਈ ਔਰਤ ਨੇ ਰਾਹਗੀਰਾਂ ਨਾਲ ਮਿਲ ਕੇ ਜ਼ਖਮੀ ਨੂੰ ਡੇਰਾਬੱਸੀ ਦੇ ਸਿਵਲ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੇ ਭਤੀਜੇ ਮਨੀਸ਼ ਨੇ ਦੱਸਿਆ ਕਿ ਮੁਲਜ਼ਮ ਭਿੰਦਰ ਦੇ ਮਾੜੇ ਆਚਰਨ ਕਾਰਨ ਕਰਮਜੀਤ ਸਮੇਤ ਪਿੰਡ ਦੀ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਉਸ ਨੂੰ ਆਪਣੇ ਪਿੰਡ ਆਉਣ ਤੋਂ ਮੰਨਾ ਕਰ ਦਿੱਤਾ ਸੀ ਅਤੇ ਸ਼ਾਇਦ ਇਸੇ ਰੰਜਿਸ਼ ਕਾਰਨ ਭਿੰਦਰ ਨੇ ਕਰਮਜੀਤ 'ਤੇ ਹਮਲਾ ਕਰ ਦਿੱਤਾ। ਥਾਣਾ ਡੇਰਾਬੱਸੀ ਦੇ ਇੰਚਾਰਜ ਮਨਦੀਪ ਸਿੰਘ ਨੇ ਮਾਮਲੇ ਸਬੰਧੀ ਦੱਸਿਆ ਕਿ ਵਾਰਦਾਤ ਤੋਂ ਕੁਝ ਹੀ ਘੰਟਿਆਂ ਬਾਅਦ ਮੁਲਜ਼ਮ ਕਾਬੂ ਕਰ ਲਏ ਸਨ, ਜਿਨ੍ਹਾਂ ਕੋਲੋ ਪੁੱਛਗਿੱਛ ਕੀਤੀ ਜਾਂ ਰਹੀ ਹੈ। ਕਤਲ ਕਰਨ ਦਾ ਕਾਰਨ ਅਤੇ ਕਤਲ ਲਈ ਵਰਤੇ ਚਾਕੂ ਬਾਰੇ ਪੁੱਛਗਿੱਛ ਕੀਤੀ ਜਾਂ ਰਹੀ ਹੈ। ਥਾਣਾ ਮੁੱਖੀ ਮੁਤਾਬਕ ਮਾਮਲਾ ਸੁਲਝਾ ਲਿਆ ਗਿਆ ਹੈ।

# ਕਿਸਾਨ ਮਸ਼ੀਨਰੀ ਦੀ ਬੁਕਿੰਗ ਲਈ 'ਉੱਨਤ ਕਿਸਾਨ' ਐਪ ਦੀ ਵੱਧ ਤੋਂ ਵੱਧ ਵਰਤੋਂ ਕਰਨ- ਡਿਪਟੀ ਕਮਿਸ਼ਨਰ

**ਬਟਾਲਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਉਮਾ ਸ਼ੰਕਰ ਗੁਪਤਾ,ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਕਰਨ ਲਈ ਲੋੜੀਦੀ ਮਸ਼ੀਨਰੀ ਉਪਲਬਧ ਕਰਵਾਈ ਗਈ ਹੈ, ਇਸ ਲਈ ਕਿਸਾਨ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁਹੱਈਆ ਕਰਵਾਈ ਖੇਤੀ ਦੀ ਮਸ਼ੀਨਰੀ ਦੀ ਪੂਰੀ ਸਮਰੱਥਾ ਨਾਲ ਵਰਤੋਂ ਕਰਨ ਤੇ ਆਪਸੀ ਤਾਲ ਮੇਲ ਨਾਲ ਪਰਾਲੀ ਪ੍ਰਬੰਧਨ ਦੇ ਕੰਮ ਨੂੰ ਨੇਪਰੇ ਚਾੜ੍ਹਨ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਕਿਸਾਨ ਮਸ਼ੀਨਰੀ ਦੀ ਬੁਕਿੰਗ ਲਈ ਪੰਜਾਬ ਸਰਕਾਰ ਵੱਲੋਂ ਤਿਆਰ ਕੀਤੀ 'ਉੱਨਤ ਕਿਸਾਨ' ਐਪ ਦੀ ਵਰਤੋਂ ਕਰਨ। ਉਨ੍ਹਾਂ ਕਿਹਾ ਕਿ 'ਉੱਨਤ ਕਿਸਾਨ' ਐਪ 'ਤੇ ਜ਼ਿਲ੍ਹੇ ਦੀਆਂ ਸੀ.ਆਰ.ਐਮ. ਮਸ਼ੀਨਾਂ ਨੂੰ ਮੈਪ ਕੀਤਾ ਗਿਆ ਹੈ ਅਤੇ ਕਿਸਾਨ ਇਸ ਮੋਬਾਈਲ ਐਪਲੀਕੇਸ਼ਨ ਰਾਹੀਂ ਆਪਣੇ ਆਸ-ਪਾਸ ਉਪਲਬਧ ਮਸ਼ੀਨ ਆਸਾਨੀ ਨਾਲ ਬੁੱਕ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਮਸ਼ੀਨਾਂ ਦੀ ਬੁਕਿੰਗ ਪ੍ਰਕਿਰਿਆ ਵਿੱਚ ਕਿਸਾਨਾਂ ਦੀ ਸਹਾਇਤਾ ਲਈ ਨੋਡਲ ਅਫ਼ਸਰ ਤੇ ਵਿਲੇਜ਼ ਲੈਵਲ ਅਫ਼ਸਰ ਤਾਇਨਾਤ ਕੀਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ 'ਉੱਨਤ ਕਿਸਾਨ'ਐਪ ਖਾਸ ਕਰਕੇ ਛੋਟੇ ਕਿਸਾਨਾਂ ਲਈ ਇਹ ਮਸ਼ੀਨਾਂ ਵਧੇਰੇ ਪਹੁੰਚ ਵਿੱਚ ਹੋ ਜਾਣਗੀਆਂ। ਇਸ ਮੋਬਾਈਲ ਐਪਲੀਕੇਸਨ ਨਾਲ ਕਿਸਾਨ ਆਪਣੇ ਆਸ-ਪਾਸ ਦੇ ਉਪਲਬਧ ਕਸਟਮ ਹਾਇਰਿੰਗ ਸੈਂਟਰਾਂ (ਸੀ.ਐਚ.ਸੀ.) ਤੋਂ ਆਸਾਨੀ ਨਾਲ ਮਸ਼ੀਨ ਬੁੱਕ ਕਰ ਸਕਦੇ ਹਨ ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਕਿਸਾਨ, ਬੇਲਰ, ਸੁਪਰ ਸੀਡਰ, ਚੌਪਰ, ਸੁਪਰ ਐਸ.ਐਮ.ਐਸ ਤੇ ਹੈਪੀ ਸੀਡਰ ਵਰਗੀ ਮਸ਼ੀਨਰੀ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਪਰਾਲੀ ਦਾ ਨਿਪਟਾਰਾ ਇੰਨ ਸੀਟੂ ਤੇ ਐਕਸ ਸੀਟੂ ਤਕਨੀਕਾਂ ਨਾਲ ਕਰਨ।

# ਸਰਕਾਰੀ ਪੌਲੀਟੈਕਨਿਕ ਕਾਲਜ ਦੇ ਕੈਮੀਕਲ ਵਿਭਾਗ ਦੇ ਵਿਦਿਆਰਥੀਆਂ ਨੇ ਕੀਤਾ ਖੰਡ ਮਿੱਲ ਦਾ ਦੌਰਾ



**ਬਟਾਲਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਪੌਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਵਿੱਚ ਤਕਨੀਕੀ ਸਿੱਖਿਆ ਸਬੰਧੀ ਮਹਾਰਤ ਲਿਆਉਣ ਦੇ ਮੰਤਵ ਨਾਲ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਵੱਖ-ਵੱਖ ਇੰਡਸਟ੍ਰੀਅਲ ਟੂਰ ਲਗਾਏ ਜਾਂਦੇ ਹਨ। ਇਸ ਲੜੀ ਤਹਿਤ ਕੈਮੀਕਲ ਵਿਭਾਗ ਦੇ ਇੰਚਾਰਜ ਮੈਡਮ ਰੇਖਾ, ਕਾਲਜ ਦੇ ਪਲੇਸਮੈਂਟ ਅਫਸਰ ਜਸਬੀਰ ਸਿੰਘ ਅਤੇ ਲੈਕਚਰਾਰ ਜਸਪ੍ਰੀਤ ਕੌਰ ਦੀ ਦੇਖ ਰੇਖ ਹੇਠ ਕੈਮੀਕਲ ਵਿਭਾਗ ਦੇ ਦੂਜੇ ਅਤੇ ਤੀਜੇ ਸਾਲ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੇ ਦੀ ਬਟਾਲਾ ਸਹਿਕਾਰੀ ਖੰਡ ਮਿਲਜ਼ ਲਿਮਟਿਡ, ਬਟਾਲਾ ਦਾ ਦੌਰਾ ਕੀਤਾ।

ਇਸ ਵਿਜ਼ਟ ਦੌਰਾਨ ਖੰਡ ਮਿਲ ਦੇ ਪ੍ਰੋਡਕਸ਼ਨ ਇੰਚਾਰਜ ਗੁਰਮੀਤ ਸਿੰਘ ਅਤੇ ਅਰਪਿਤ ਕੁਮਾਰ ਨੇ ਵਿਦਿਆਰਥੀਆਂ ਨੂੰ ਗੰਨੇ ਤੋਂ ਖੰਡ ਬਨਾਉਣ ਦੌਰਾਨ ਵਰਤੀਆਂ ਜਾਣ ਵਾਲੀਆਂ ਵੱਖ ਵੱਖ ਪ੍ਰਕਿਰਿਆਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਇਸ ਮੌਕੇ ਮੈਡਮ ਰੇਖਾ, ਜਸਬੀਰ ਸਿੰਘ ਅਤੇ ਜਸਪ੍ਰੀਤ ਕੌਰ ਨੇ ਵੀ ਵਿਦਿਆਰਥੀਆਂ ਨੂੰ ਆਪਣੇ ਆਪਣੇ ਵਿਸਿਆਂ ਨਾਲ ਸੰਬਧਤ ਪ੍ਰਕਿਰਿਆਵਾਂ ਬਾਰੇ ਪ੍ਰਕਟੀਕਲ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਬੜੇ ਹੀ ਉਤਸਾਹ ਨਾਲ ਦੋਰਾ ਕੀਤਾ ਅਤੇ ਇਸ ਸੰਬਧੀ ਆਪਣੇ ਸਵਾਲ ਵੀ ਪੁੱਛੇ। ਅੰਤ ਵਿਚ ਮੈਡਮ ਰੇਖਾ ਨੇ ਖੰਡ ਮਿੱਲ ਦੇ ਸੁਪਰਡੈਂਟ ਸਲਵਿੰਦਰ ਸਿੰਘ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਦੌਰਾ ਕਾਮਯਾਬ ਰਿਹਾ।

# ਬਜੁਰਗ ਅਵਸਥਾ ਵਿਚ ਵਿਭਾਗ ਵਲੋ ਸਮੇਂ-ਸਮੇਂ ਕੀਤਾ ਜਾਂਦਾ ਹੈ ਮੈਡੀਕਲ ਚੈੱਕਅੱਪ

**ਫਾਜ਼ਿਲਕਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਬਜੁਰਗਾਂ ਦੀ ਚੰਗੀ ਸਿਹਤ ਸੰਭਾਲ ਲਈ ਵਚਨਬੱਧ ਵਿਸ਼ੇ ਤਹਿਤ ਡਾ. ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਦੇ ਦਿਸਾ ਨਿਰਦੇਸਾਂ ਤਹਿਤ ਸਿਹਤ ਵਿਭਾਗ ਫ਼ਾਜ਼ਿਲਕਾ ਬਜੁਰਗਾਂ ਨੂੰ ਪਹਿਲ ਦੇ ਆਧਾਰ ਤੇ ਸਿਹਤ ਸੇਵਾਵਾਂ ਦੇ ਰਿਹਾ ਹੈ।

ਅਬੋਹਰ ਵਿੱਖੇ ਬਣੇ 3 ਸੈਂਟਰ ਵਿਖੇ 43 ਬਜ਼ੁਰਗਾਂ ਦੀ ਜਾਂਚ ਕੀਤੀ ਗਈ. ਸਿਹਤ ਵਿਭਾਗ ਵੱਲੋਂ ਬਜ਼ੁਰਗਾਂ ਦੀ ਦੇਖਭਾਲ ਸਬੰਧੀ ਮਿਤੀ 1 ਤੋਂ 9 ਅਕਤੂਬਰ ਤੱਕ ਜਿਲ੍ਹਾ ਫ਼ਾਜ਼ਿਲਕਾ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਬਜੁਰਗਾਂ ਦਾ ਬਲੱਡ ਪ੍ਰੈਸਰ,ਸੂਗਰ , ਅੱਖਾਂ ਅਤੇ ਹੋਰ ਬਿਮਾਰੀਆ ਦੀ ਪਹਿਚਾਣ ਲਈ 50 ਸਾਲ ਤੋਂ ਵੱਧ ਉਮਰ ਦੇ ਬਜੁਰਗਾਂ ਦਾ ਸਰਕਾਰੀ ਹਸਪਤਾਲਾਂ ਅਤੇ ਪਿੰਡਾਂ ਵਿੱਚ ਵਿਸੇਸ ਕੈਂਪ ਦੌਰਾਨ ਚੈੱਕਅੱਪ ਕਰਕੇ ਦਵਾਈਆਂ ਅਤੇ ਮੋਤੀਆ ਦੇ ਮਰੀਜਾਂ ਦੀ ਪਹਿਚਾਣ ਕਰਨ ਸਬੰਧੀ ਸਮੂਹ ਐਸ.ਐਮ.ਓ. ਨੂੰ ਹਦਾਇਤ ਕੀਤੀ ਗਈ ਹੈ। ਸੀਨੀਅਰ ਮੈਡੀਕਲ ਅਫਸਰ ਅਬੋਹਰ ਡਾਕਟਰ ਨੀਰਜਾ ਗੁਪਤਾ ਨੇ ਦੱਸਿਆ ਕਿ ਬਜੁਰਗਾਂ ਨੂੰ ਕੋਈ ਮੁਸਕਿਲ ਨਾ ਆਵੇ ਇਸ ਲਈ ਹਸਪਤਾਲਾਂ ਚ ਵੱਖਰੀ ਓ ਪੀ ਡੀ ਕਤਾਰ ਦਾ ਪ੍ਰਬੰਧ ਕੀਤਾ ਗਿਆ ਹੈ। ਹਸਪਤਾਲਾਂ ਚ ਮੁਫਤ ਲੈਬਾਰਟਰੀ ਟੈਸਟ, ਦਵਾਈਆਂ,ਈ ਸੀ ਜੀ,ਐਕਸਰੇ ਦੀ ਵਿਵਸਥਾ ਕੀਤੀ ਗਈ ਹੈ ਤਾਂ ਜੋ ਬਜੁਰਗ ਆਪਣਾ ਵਧੀਆ ਢੰਗ ਨਾਲ ਇਲਾਜ ਕਰਵਾ ਸਕਣ। ਉਹਨਾਂ ਦੱਸਿਆ ਕਿ ਅੱਜ ਅਬੋਹਰ ਵਿੱਖੇ ਸਿਹਤ ਵਿਭਾਗ ਵਲੋ ਜੰਮੂ ਬਸਤੀ, ਅਜੀਮਗੜ੍ਹ, ਨਵੀ ਆਬਾਦੀ ਵਿਖੇ ਬਜ਼ੁਰਗਾਂ ਦਾ ਮੈਡੀਕਲ ਚੈੱਕ ਅੱਪ ਡਾਕਟਰ ਧਰਮਵੀਰ ਅਤੇ ਉਹਨਾਂ ਨਾਲ ਟਿਮ ਨੇ ਕੀਤਾ।

# ਜਾਗਰੂਕਤਾ ਵੈਨਾਂ ਰਾਹੀਂ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਕੀਤਾ ਜਾਵੇਗਾ ਜਾਗਰੂਕ

**ਗੁਰਦਾਸਪੁਰ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਪਰਾਲੀ ਨੂੰ ਬਿਨਾਂ ਅੱਗ ਲਗਾਏ ਇਸ ਦੇ ਸੁਚੱਜੇ ਪ੍ਰਬੰਧਨ ਲਈ ਕਿਸਾਨਾਂ ਨੂੰ ਜਾਗਰੂਕ ਕਰਨ, ਕਿਸਾਨਾਂ ਨੂੰ ਮਸ਼ੀਨਰੀ ਸਬੰਧੀ ਜਾਣਕਾਰੀ ਦੇਣ ਲਈ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਸਾੜਨ ਦੇ ਰੁਝਾਨ ਨੂੰ ਜ਼ਮੀਨੀ ਪੱਧਰ 'ਤੇ ਠੱਲ੍ਹ ਪਾਉਣ ਲਈ ਬਹੁ-ਪੱਖੀ ਰਣਨੀਤੀ ਅਪਣਾਉਂਦੇ ਹੋਏ ਡਿਪਟੀ ਕਮਿਸ਼ਨਰ ਵੱਲੋਂ ਅੱਜ ਹਾਟ ਸਪਾਟ ਪਿੰਡਾਂ ਵਿੱਚ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਤਿਆਰ ਕੀਤੀਆਂ ਤਿੰਨ ਜਾਗਰੂਕਤਾ ਵੈਨਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ । ਇਸ ਮੌਕੇ ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) , ਆਦਿਤਿਆ ਗੁਪਤਾ, ਸਹਾਇਕ ਕਮਿਸ਼ਨਰ (ਜ), ਸੁਰਿੰਦਰਪਾਲ ਸਿੰਘ, ਮੁੱਖ ਖੇਤੀਬਾੜੀ ਅਫਸਰ, ਇੰਜ. ਦੀਪਕ ਭਾਰਦਵਾਜ, ਮਨਜੀਤ ਸਿੰਘ ਏ.ਡੀ.ਓ. ਵੀ ਮੌਜੂਦ ਸਨ ।

ਵੈਨਾਂ ਨੂੰ ਰਵਾਨਾ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਵੈਨਾਂ ਲੋਕਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਗੀਆਂ, ਜਿਨ੍ਹਾਂ ਵਿੱਚ ਆਡੀਓ ਸੰਦੇਸ਼ ਚਲਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਇਹ ਵੈਨਾਂ ਜ਼ਿਲ੍ਹੇ ਦੇ ਖੇਤੀਬਾੜੀ ਬਲਾਕਾਂ ਬਟਾਲਾ, ਸ੍ਰੀ ਹਰਗੋਬਿੰਦਪੁਰ ਸਾਹਿਬ ਅਤੇ ਫਤਿਹਗੜ੍ਹ ਚੂੜੀਆਂ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਸਾੜਨ ਪੱਖੋਂ ਸੰਵੇਦਨਸ਼ੀਲ ਖੇਤਰਾਂ (ਹਾਟ ਸਪਾਟਸ) ਦਾ ਦੌਰਾ ਕਰਨਗੀਆਂ ਅਤੇ ਇਸ ਦੇ ਸਹੀ ਪ੍ਰਬੰਧਨ ਸਬੰਧੀ ਜਾਗਰੂਕ ਕਰਨ ਦੇ ਨਾਲ ਨਾਲ ਬਲਾਕ ਵਿੱਚ ਮੌਜੂਦ ਪਰਾਲੀ ਪ੍ਰਬੰਧਨ ਦੀ ਮਸ਼ੀਨਰੀ ਸਬੰਧੀ ਵੀ ਜਾਣਕਾਰੀ ਦੇਣਗੀਆਂ ਅਤੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਦੇ ਸਾਹਿਤ ਦੀ ਵੰਡ ਵੀ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਪ੍ਰਤੀ ਜ਼ੀਰੋ ਟੋਲਰੈਂਸ ਨੀਤੀ ਨੂੰ ਅਪਣਾ ਕੇ ਕਿਸਾਨਾਂ ਦੇ ਸਹਿਯੋਗ ਨਾਲ ਅੱਗਾਂ ਦੀਆਂ ਘਟਨਾਵਾਂ ਨੂੰ ਰੋਕਿਆ ਜਾਵੇਗਾ ।

ਉਨ੍ਹਾਂ ਕਿਹਾ ਕਿ ਖੇਤਾਂ 'ਚ ਪਰਾਲੀ ਨੂੰ ਅੱਗ ਲਾਉਣ ਨੂੰ ਸਖ਼ਤੀ ਨਾਲ ਨਜਿੱਠਿਆ ਜਾਵੇਗਾ, ਕਿਉਂਕਿ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਲਈ ਅਤਿ-ਆਧੁਨਿਕ ਮਸ਼ੀਨਰੀ ਦੇ ਪੂਰੇ ਪੁਖ਼ਤਾ ਇੰਤਜਾਮ ਹਨ।

ਇਸ ਦੇ ਬਾਵਜੂਦ ਵੀ ਜੇਕਰ ਕਿਸੇ ਕਿਸਾਨ ਨੇ ਖੇਤਾਂ ਵਿੱਚ ਅੱਗ ਲਗਾਈ ਤਾਂ ਉਸ ਵਿਰੁੱਧ ਨੈਸ਼ਨਲ ਗਰੀਨ ਟ੍ਰਿਬਿਊਨਲ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਆਪਣੇ ਜੀਵਨ, ਵਾਤਾਵਰਣ ਤੇ ਧਰਤੀ ਨੂੰ ਸੰਭਾਲਣ ਲਈ ਪਰਾਲੀ ਨੂੰ ਬਿਨ੍ਹਾਂ ਅੱਗ ਲਗਾਏ ਸੰਭਾਲਣ ਜਾਂ ਜ਼ਮੀਨ ਵਿੱਚ ਹੀ ਵਾਹੁਣ 'ਤੇ ਜੋਰ ਦਿੰਦਿਆ ਕਿਹਾ ਕਿ ਦੋਵੇਂ ਤਕਨੀਕਾਂ ਨਾਲ ਪਰਾਲੀ ਦਾ ਨਿਪਟਾਰਾ ਕਰਨ ਨੂੰ ਯਕੀਨੀ ਬਣਾਉਣ ਲਈ ਉਪਲੱਬਧ ਮਸ਼ੀਨਰੀ ਦੀ ਪੂਰੀ ਸਮਰੱਥਾ ਨਾਲ ਵਰਤੋਂ ਕੀਤੀ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਆਪਣੇ ਖੇਤਾਂ ਵਿਚ ਹੀ ਵਾਹ ਕੇ ਜਾਂ ਇਸ ਦੀਆਂ ਗੱਠਾਂ ਬੰਨਵਾ ਕੇ ਇਸ ਦੀ ਸੁਚੱਜੀ ਸਾਂਭ ਸੰਭਾਲ ਕੀਤੀ ਜਾਵੇ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਕਿਸਾਨ ਆਪਣਾ ਬਹੁਮੁੱਲਾ ਯੋਗਦਾਨ ਦੇਣ ।

# ਫਾਜ਼ਿਲਕਾ ਜ਼ਿਲ੍ਹੇ ਵਿਚ 16369 ਐਨਓਸੀ ਜਾਰੀ ਹੋਈਆਂ-ਸੁਭਾਸ਼ ਚੰਦਰ

**ਫਾਜ਼ਿਲਕਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਜ਼ਿਲ੍ਹੇ ਵਿਚ ਆਮ ਪੰਚਾਇਤੀ ਚੋਣਾਂ ਵਿਚ ਕਿਸੇ ਨੂੰ ਕੋਈ ਦਿੱਕਤ ਨਾ ਆਵੇ ਇਸ ਲਈ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਨਦੇਹੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਬੀਤੀ ਸ਼ਾਮ ਤੱਕ ਜ਼ਿਲ੍ਹੇ ਵਿਚ 16369 ਲੋਕਾਂ ਨੂੰ ਪੰਚਾਇਤ ਚੋਣਾਂ ਸਬੰਧੀ ਐਨਓਸੀ ਜਾਰੀ ਹੋ ਚੁੱਕੀਆਂ ਹਨ। ਇਹ ਜਾਣਕਾਰੀ ਜ਼ਿਲ੍ਹੇ ਦੇ ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਕਮ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸੁਭਾਸ਼ ਚੰਦਰ ਨੇ ਦਿੱਤੀ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੇ 5 ਬਲਾਕਾਂ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਦਫ਼ਤਰ 2 ਅਤੇ 3 ਅਕਤੂਬਰ ਨੂੰ ਛੁੱਟੀ ਵਾਲੇ ਦਿਨ ਵੀ ਖੁੱਲੇ ਰੱਖੇ ਗਏ ਤਾਂ ਜੋ ਲੋਕਾਂ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਐਨਓਸੀ ਜਾਰੀ ਕੀਤੀਆਂ ਜਾ ਸਕਨ।

ਉਨ੍ਹਾਂ ਨੇ ਦੱਸਿਆ ਕਿ 2 ਅਕਤੂਬਰ ਨੂੰ ਜ਼ਿਲ੍ਹੇ ਵਿਚ 4294 ਅਤੇ 3 ਅਕਤੂਬਰ ਨੂੰ 3574 ਐਨਓਸੀ ਜਾਰੀ ਕੀਤੀਆਂ ਗਈਆਂ ਹਨ।

ਇਸ ਤੋਂ ਪਹਿਲਾਂ 1 ਅਕਤੂਬਰ ਤੱਕ ਜ਼ਿਲ੍ਹੇ ਵਿਚ ਸਰਪੰਚਾਂ ਲਈ 459 ਅਤੇ ਪੰਚਾਂ ਲਈ 804 ਨਾਮਜਦਗੀਆਂ ਹੋਈਆਂ ਹਨ। ਜਿਕਰਯੋਗ ਹੈ ਕਿ ਜ਼ਿਲ੍ਹੇ ਵਿਚ 835 ਗ੍ਰਾਮ ਪੰਚਾਇਤਾਂ ਹਨ ਅਤੇ ਇਸ ਲਈ 435 ਸਰਪੰਚ ਅਤੇ 2997 ਪੰਚਾਂ ਦੀ ਚੋਣ ਹੋਣੀ ਹੈ। ਇਸ ਲਈ ਜ਼ਿਲ੍ਹੇ ਵਿਚ 688 ਪੋਲਿੰਗ ਸਟੇਸ਼ਨ ਬਣਾਏ ਜਾਣਗੇ ਅਤੇ 550158 ਵੋਟਰ ਇੰਨ੍ਹਾਂ ਚੋਣਾਂ ਵਿਚ ਭਾਗ ਲੈਣਗੇ। ਇਸ ਲਈ ਜ਼ਿਲ੍ਹੇ ਵਿਚ 40-40 ਰਿਟਰਨਿੰਗ ਅਤੇ ਸਹਾਇਕ ਰਿਟਰਨਿੰਗ ਅਫ਼ਸਰ ਨਾਮਜਦਗੀਆਂ ਲਈ ਲਗਾਏ ਗਏ ਹਨ ਅਤੇ 5-5 ਰਿਟਰਨਿੰਗ ਅਤੇ ਸਹਾਇਕ ਰਿਟਰਨਿੰਗ ਅਫ਼ਸਰ ਰਿਜਰਵ ਰੱਖੇ ਗਏ ਹਨ।

ਵਧੀਕ ਡਿਪਟੀ ਕਮਿਸ਼ਨਰ ਨੇ ਹੋਰ ਦੱਸਿਆ ਕਿ ਨਾਮਜਦਗੀ ਪਰਚਿਆਂ ਦੀ ਪੜਤਾਲ 9 ਅਕਤੂਬਰ ਨੂੰ ਹੋਵੇਗੀ ਅਤੇ 9 ਅਕਤੂਬਰ ਤੱਕ ਨਾਮਜਦਗੀ ਵਾਪਿਸ ਲਈ ਜਾ ਸਕਦੀ ਹੈ। ਮਤਦਾਨ 19 ਅਕਤੂਬਰ ਨੂੰ ਹੋਣਾ ਹੈ ਅਤੇ ਉਸੇ ਦਿਨ ਗਿਣਤੀ ਹੋਵੇਗੀ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਂਤਮਈ ਅਤੇ ਨਿਰਪੱਖ ਚੋਣਾਂ ਲਈ ਸਾਰੇ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਪੰਚਾਇਤ ਚੋਣਾਂ ਪੂਰੀ ਤਰਾਂ ਅਮਨ ਅਮਾਨ ਤਰੀਕੇ ਨਾਲ ਨੇਪਰੇ ਚਾੜੀਆਂ ਜਾਣਗੀਆਂ।

# ਪੰਜਾਬ ਡੇਅਰੀ ਵਿਕਾਸ ਬੋਰਡ /ਵਿਭਾਗ ਵੱਲੋਂ ਚਾਰ ਹਫਤੇ ਡੇਅਰੀ ਉਦਮ ਸਿਖਲਾਈ ਕੋਰਸ 7 ਅਕਤੂਰ ਤੋਂ 8 ਨਵੰਬਰ 2024 ਤੱਕ

**ਗੁਰਦਾਸਪੁਰ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਡੇਅਰੀ ਵਿਕਾਸ ਬੋਰਡ/ਵਿਭਾਗ ਵੱਲੋਂ ਚਾਰ ਹਫਤੇ ਡੇਅਰੀ ਉਦਮ ਸਿਖਲਾਈ ਕੋਰਸ 7 ਅਕਤੂਰ ਤੋਂ 8 ਨਵੰਬਰ 2024 (ਚਾਰ ਹਫਤੇ) ਡੇਅਰੀ ਸਿਖਲਾਈ ਕੇਂਦਰ ਵੇਰਕਾ, ਜਿਲਾ:ਅੰਮ੍ਰਿਤਸਰ ਵਿਖੇ ਚਲਾਇਆ ਜਾਣਾ ਹੈ । ਚਾਹਵਾਨ ਡੇਅਰੀ ਫਾਰਮਰ ਜ਼ੋ ਘੱਟੋ ਘੱਟ 10ਵੀਂ ਪਾਸ ਹੋਣ,ਉਮਰ 18 ਤੋਂ 55 ਸਾਲ ਦਰਮਿਆਨ ਹੋਵੇ,ਪੇਂਡੂ ਖੇਤਰ ਨਾਲ ਸਬੰਧਤ ਹੋਣ ਅਤੇ ਪਹਿਲਾਂ ਘੱਟੋ ਘੱਟ 05 ਪਸ਼ੂ ਰੱਖੇ ਹੋਣ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ।

ਇਹ ਜਾਣਕਾਰੀ ਸ੍ਰੀ ਵਰਿਆਮ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਨੇ ਦੇਂਦਿਆਂ ਦੱਸਿਆ ਕਿ ਇਸ ਸਿਖਲਾਈ ਕੋਰਸ ਵਿੱਚ ਡੇਅਰੀ ਫਾਰਮਰਜ ਨੂੰ ਕੁਸ਼ਲ ਡੇਅਰੀ ਮੈਨੇਜਰ ਬਣਾਉਣ ਲਈ ਵੱਖ ਵੱਖ ਵਿਸ਼ਾ ਮਾਹਿਰਾਂ ਵੱਲੋਂ ਪਸ਼ੂਆਂ ਦੀ ਸਾਂਭ ਸੰਭਾਲ ਵੱਖ ਵੱਖ ਬੀਮਾਰੀਆਂ,ਮਨਸੂਹੀ ਗਰਭਦਾਨ,ਦੁੱਧ ਤੋਂ ਦੁੱਧ ਪਦਾਰਥ ਤਿਆਰ ਕਰਨ ਦੀ ਪ੍ਰੈਕਟੀਕਲ ਸਿਖਲਾਈ ਦਿੱਤੀ ਜਾਵੇਗੀ।

ਇਸ ਸਿਖਲਾਈ ਦੌਰਾਨ ਮਾਡਲ ਕੈਟਲ ਸ਼ੈਡਾਂ ਦੀ ਉਸਾਰੀ, ਦੁੱਧ ਚੁਆਈ ਮਸ਼ੀਨਾਂ ਅਤੇ ਡੇਅਰੀ ਦੇ ਧੰਦੇ ਦਾ ਮੁਕੰਮਲ ਮਸ਼ੀਨੀਕਰਨ ਲਈ ਲੋੜੀਂਦੀਆਂ ਤਕਨੀਕਾਂ ਅਤੇ ਸਬਸਿਡੀਆਂ ਬਾਰੇ ਵੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਵੇਗੀ।ਉਹਨਾਂ ਦੱਸਿਆ ਕਿ ਉਹਨਾਂ ਦੱਸਿਆ ਕਿ ਸਿਖਲਾਈ ਕੋਰਸ ਲਈ ਚਾਹਵਾਨ ਫਾਰਮਰਜ 9 ਅਕਤੂਬਰ ਤੱਕ ਜਿਲਾ ਪ੍ਰਬੰਧਕੀ ਕੰਪਲੈਕਸ, ਬਲਾਕ ਬੀ, ਚੌਥੀ ਮੰਜਿਲ, ਕਮਰਾ ਨੰ:508 ਵਿਖੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ,ਗੁਰਦਾਸਪੁਰ ਵਿਖੇ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ ਫੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ। ਚੁਣੇ ਹੋਏ ਸਿਖਆਰਥੀਆਂ ਜਨਰਲ ਕੈਟਾਗਰੀ ਲਈ ਫੀਸ 5000/- ਅਤੇ ਅ:ਜਾਤੀ ਲਈ 4000/- ਫੀਸ ਹੋਵੇਗੀ। ਚੁਣੇ ਹੋਏ ਸਿਖਆਰਥੀਆਂ ਜਨਰਲ ਕੈਟਾਗਰੀ ਲਈ ਫੀਸ 5000/- ਅਤੇ ਅ:ਜਾਤੀ ਲਈ 4000/- ਫੀਸ ਹੋਵੇਗੀ।

ਵਧੇਰੇ ਜਾਣਕਾਰੀ ਲਈ ਫੋਨ ਨੰ: 8054800880, 7508973471,7888850893 ਤੇ ਸੰਪਰਕ ਕਰੋ।

# ਸੁਰਿੰਦਰਪਾਲ ਸਿੰਘ ਠਰੂਆ ਦੀ ਯਾਦ ਵਿੱਚ ਸਮਾਗਮ

**ਪਾਤੜਾਂ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਈ ਸੁਰਿੰਦਰਪਾਲ ਸਿੰਘ ਠਰੂਆ ਦੀ 14ਵੀਂ ਬਰਸੀ ਨੂੰ ਸਮਰਪਿਤ ਗੁਰਮਤਿ ਸਮਾਗਮ ਪਿੰਡ ਠਰੂਆ ਦੇ ਗੁਰਦੁਆਰਾ ਸਾਹਿਬ ਵਿੱਚ ਸਿੱਖ ਸੰਗਤਾਂ ਅਤੇ ਪਰਿਵਾਰ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਜ਼ਿਕਰਯੋਗ ਹੈ ਕਿ ਭਾਈ ਠਰੂਆ ਖਾੜਕੂ ਲਹਿਰ ਦੀ ਵਿਰਾਸਤ ਨੂੰ ਸੰਭਾਲਣ ਦੇ ਮੋਹਰੀਆਂ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਨੇ ਜੇਲ੍ਹ ਵਿੱਚੋਂ ਰਿਹਾਅ ਹੋਣ ਮਗਰੋਂ ਖਾੜਕੂ ਲਹਿਰ ਦੌਰਾਨ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ ਕੀਤੀ ਅਤੇ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਸੂਚੀ ਜਾਰੀ ਕੀਤੀ।

ਗੁਰਮਤਿ ਸਮਾਗਮ ਦੌਰਾਨ ਭਾਈ ਬੇਅੰਤ ਸਿੰਘ ਲੁਧਿਆਣਾ ਦੇ ਰਾਗੀ ਜਥੇ ਨੇ ਰਾਗਮਈ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਰਣਜੀਤ ਸਿੰਘ ਨੇ ਮੰਚ ਦਾ ਸੰਚਾਲਨ ਕੀਤਾ। ਇਸੇ ਦੌਰਾਨ ਡਾ. ਕੰਵਲਜੀਤ ਸਿੰਘ ਖਡੂਰ ਸਾਹਿਬ ਨੇ ਵੀ ਵਿਚਾਰ ਰੱਖੇ।

ਪੁਸ਼ਪਿੰਦਰ ਸਿੰਘ ਤਾਊ ਨੇ ਭਾਈ ਸੁਰਿੰਦਰ ਪਾਲ ਸਿੰਘ ਠਰੂਆ ਨਾਲ ਬਿਤਾਏ ਪਲ ਸਾਂਝੇ ਕੀਤੇ। ਸਮਾਗਮ ਦੌਰਾਨ ਬਿਬੇਕਗੜ੍ਹ ਪ੍ਰਕਾਸ਼ਨ ਵੱਲੋਂ ਕੁੱਝ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਭਾਈ ਦਲਜੀਤ ਸਿੰਘ, ਬੀਬੀ ਅਮ੍ਰਿਤ ਕੌਰ, ਭਾਈ ਸੁਰਿੰਦਰਪਾਲ ਸਿੰਘ ਦੀ ਪਤਨੀ ਬੀਬੀ ਸਰਤਾਜ ਕੌਰ, ਉਨ੍ਹਾਂ ਦੇ ਪੁੱਤਰ ਮੋਹਕਮ ਸਿੰਘ, ਬਲਜਿੰਦਰ ਸਿੰਘ ਕੋਟਭਾਰਾ, ਬੀਬੀ ਸੋਹਵਨਜੀਤ ਕੌਰ, ਭਾਈ ਲਾਲ ਸਿੰਘ ਅਕਾਲਗੜ੍ਹ, ਬਾਬਾ ਇੰਦਰ ਸਿੰਘ, ਬਾਬਾ ਦਿਲਬਾਗ ਸਿੰਘ ਅਤੇ ਸੁਖਜੀਤ ਸਿੰਘ ਬਕਰਾਹਾ ਹਾਜ਼ਰ ਸਨ।

# ਕਲਾਸਾਂ ਲੱਗਣ ਮਗਰੋਂ ਅਸਤੀਫ਼ਾ ਦੇ ਦਿਆਂਗਾ: ਉਪ ਕੁਲਪਤੀ

**ਪਟਿਆਲਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਹੋਸਟਲ ਸਬੰਧੀ ਵਿਵਾਦ ਨੂੰ ਲੈ ਕੇ ਵਿਦਿਆਰਥੀਆਂ ਦੇ ਧਰਨੇ 'ਚ ਪਹੁੰਚੇ ਤੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਬਿਨਾਂ ਸ਼ਰਤ ਮੰਨਣ ਲਈ ਐਲਾਨ ਕੀਤਾ। ਉਨ੍ਹਾਂ ਨੇ ਧਰਨਾਕਾਰੀ ਵਿਦਿਆਰਥੀਆਂ ਨੂੰ ਕਲਾਸਾਂ 'ਚ ਜਾਣ ਦੀ ਸ਼ਰਤ 'ਤੇ ਆਖਿਆ ਕਿ ਉਹ ਕੁਝ ਸਮੇਂ ਬਾਅਦ ਅਸਤੀਫ਼ਾ ਵੀ ਦੇ ਦੇਣਗੇ। ਇਸ ਦੌਰਾਨ ਉਪ ਕੁਲਪਤੀ ਵੱਲੋਂ ਕੁੜੀਆਂ ਦੇ ਹੋਸਟਲ 'ਚ ਜਾਣ ਖਿਲਾਫ਼ ਧਰਨਾ ਅੱਜ 11ਵੇਂ ਦਿਨ ਵੀ ਜਾਰੀ ਰਿਹਾ ਤੇ ਵਿਦਿਆਰਥੀਆਂ ਨੇ ਰੋਸ ਮਾਰਚ ਵੀ ਕੀਤਾ। ਲਾਅ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਜੈ ਸ਼ੰਕਰ ਸਿੰਘ ਨੇ ਅੱਜ ਧਰਨੇ 'ਚ ਵਿਦਿਆਰਥੀਆਂ ਨਾਲ ਅੱਧੇ ਘੰਟੇ ਤੋਂ ਵੱਧ ਸਮਾਂ ਗੱਲਬਾਤ ਕੀਤੀ ਤੇ ਕਿਹਾ ਕਿ ਉਹ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨਣ ਲਈ ਤਿਆਰ ਹਨ। ਇਸ ਸਮੇਂ ਵਿਦਿਆਰਥੀਆਂ ਨੇ ਜਾਂਚ ਲਈ ਬਾਹਰ ਤੋਂ ਜਾਂਚ ਕਮਿਸ਼ਨ ਬਣਾਉਣ ਜਾਂ ਉਨ੍ਹਾਂ ਦੇ ਅਸਤੀਫ਼ੇ ਦਾ ਮੰਗ ਕੀਤੀ, ਜਿਸ 'ਤੇ ਉਪ ਕੁਲਪਤੀ ਨੇ ਆਖਿਆ ਕਿ ਜਾਂਚ ਕਮਿਸ਼ਨ ਦੀ ਲੋੜ ਨਹੀਂ ਹੈ ਪਰ ਵਿਦਿਆਰਥੀਆਂ ਵੱਲੋਂ ਧਰਨਾ ਖਤਮ ਕਰਨ 'ਤੇ ਉਹ ਕੁਝ ਦਿਨਾਂ ਬਾਅਦ ਅਸਤੀਫ਼ਾ ਦੇਣ ਦੇਣਗੇ। ਉਪ ਕੁਲਪਤੀ ਨੇ ਆਖਿਆ ਕਿ ਲਾਅ ਯੂਨੀਵਰਸਿਟੀ ਜੁਡੀਸ਼ਰੀ ਦੇ ਅਧੀਨ ਚੱਲਦੀ ਹੈ ਤੇ ਇਸ ਕਰਕੇ ਉਹ ਕਿਸੇ ਵੀ ਮਾਮਲੇ 'ਚ ਕੋਈ ਵੀ ਟਿੱਪਣੀ ਨਹੀਂ ਕਰਨਗੇ। ਜੇਕਰ ਉਨ੍ਹਾਂ ਨੂੰ ਕੁਝ ਕਹਿਣ ਦਾ ਹੁਕਮ ਹੋਇਆ ਤਾਂ ਉਹ ਭਲਕੇ ਮੀਡੀਆ ਨਾਲ ਗੱਲ ਕਰਨਗੇ।

ਉਪ ਕੁਲਪਤੀ ਜੈ ਸ਼ੰਕਰ ਸਿੰਘ ਨੇ ਆਖਿਆ ਕਿ ਅੱਗੇ ਤੋਂ ਲੜਕੀਆਂ ਦੇ ਹੋਸਟਲ 'ਚ ਨਹੀਂ ਜਾਣਗੇ ਅਤੇ ਜੇਕਰ ਉਨ੍ਹਾਂ ਤੋਂ ਕੋਈ ਕੋਤਾਹੀ ਹੋਈ ਹੈ ਤਾਂ ਉਹ ਉਸ ਨੂੰ ਨਹੀਂ ਦੁਹਰਾਉਣਗੇ। ਉਪ ਕੁਲਪਤੀ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਵਿਦਿਆਰਥੀ ਚੰਗੀ ਪੜ੍ਹਾਈ ਕਰਨ ਕਿਉਂਕਿ ਮਾਪੇ ਬੜੀਆਂ ਆਸਾਂ ਨਾਲ ਉਨ੍ਹਾਂ ਨੂੰ ਪੜ੍ਹਾਈ ਲਈ ਤੋਰਦੇ ਹਨ। ਉਨ੍ਹਾਂ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੇ ਵਿਦਿਆਰਥੀਆਂ ਦੇ ਮੋਬਾਈਲਾਂ ਜਾਂ ਲੜਕੀਆਂ ਦੇ ਕੱਪੜਿਆਂ ਬਾਰੇ ਵੀ ਕੋਈ ਗਲਤ ਟਿੱਪਣੀ ਨਹੀਂ ਕੀਤੀ ਸੀ।



# ਨੌਕਰੀ ਤੋਂ ਕੱਢੇ ਸੁਰੱਖਿਆ ਗਾਰਡ ਦੇ ਹੱਕ 'ਚ ਨਿੱਤਰੇ ਸਾਬਕਾ ਸੈਨਿਕ

**ਪਟਿਆਲਾ, 9 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਪਰ ਡੀਮਡ ਯੂਨੀਵਰਸਿਟੀ ਵਿਚ ਦਸ ਸਾਲਾਂ ਤੋਂ ਕੰਮ ਕਰਦੇ ਸੁਰੱਖਿਆ ਗਾਰਡ ਨੂੰ ਫ਼ਾਰਗ ਕਰਨ ਦੇ ਮਾਮਲੇ ਵਿਚ ਸਾਬਕਾ ਸੈਨਿਕ ਕ੍ਰਾਂਤੀਕਾਰੀ ਯੂਨੀਅਨ ਉਸ ਦੇ ਸਮਰਥਨ ਵਿਚ ਆ ਗਈ ਹੈ। ਯੂਨੀਅਨ ਆਗੂਆਂ ਵੱਲੋਂ ਇਸ ਸਬੰਧੀ ਅੱਜ ਪਟਿਆਲਾ ਵਿੱਚ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਵਿਚਾਰਿਆ ਗਿਆ ਕਿ ਭੁਪਿੰਦਰ ਸਿੰਘ ਸਕਿਉਰਿਟੀ ਗਾਰਡ ਦਾ ਰੁਜ਼ਗਾਰ ਇੱਕ ਮਹੀਨੇ ਤੋਂ ਖ਼ਤਮ ਕਰ ਰੱਖਿਆ ਹੈ। ਭੁਪਿੰਦਰ ਸਿੰਘ ਪਿਛਲੇ 10 ਸਾਲ ਤੋਂ ਥਾਪਰ ਕਾਲਜ ਵਿੱਚ ਆਪਣੀ ਸੁਰੱਖਿਆ ਦੀ ਡਿਊਟੀ ਬੜੀ ਇਮਾਨਦਾਰੀ ਅਤੇ ਅਨੁਸ਼ਾਸਨ ਵਿੱਚ ਨਿਭਾਉਂਦਾ ਆ ਰਿਹਾ ਸੀ। ਭੁਪਿੰਦਰ ਸਿੰਘ ਦੀ ਬਹਾਲੀ ਲਈ ਯੂਨੀਅਨ ਵੱਲੋਂ 9 ਅਕਤੂਬਰ ਨੂੰ ਥਾਪਰ ਕਾਲਜ ਦੇ ਮੇਨ ਗੇਟ ਅੱਗੇ ਧਰਨਾ ਦੇਣ ਦਾ ਐਲਾਨ ਕੀਤਾ ਹੈ ਜੋ ਅਣਮਿਥੇ ਸਮੇਂ ਤੱਕ ਜਾਰੀ ਰਹੇਗਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹ ਅਤੇ ਹੋਰ ਜਥੇਬੰਦੀਆਂ ਦਾ ਵੀ ਸਹਿਯੋਗ ਰਹੇਗਾ।

ਇਸ ਮੀਟਿੰਗ ਵਿੱਚ ਪ੍ਰਗਟ ਸਿੰਘ ਸੂਬਾ ਪ੍ਰਧਾਨ, ਦਰਸ਼ਨ ਸਿੰਘ ਜਨਰਲ ਸਕੱਤਰ, ਪਰਮਜੀਤ ਸਿੰਘ ਪਟਿਆਲਾ ਇਕਾਈ ਪ੍ਰਧਾਨ, ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।

## ਹੋਸਟਲ 'ਚ ਰਾਤ ਦੇ ਖਾਣੇ ਤੋਂ ਬਾਅਦ ਵਿਦਿਆਰਥਣਾਂ ਦੀ ਸਿਹਤ ਵਿਗੜੀ, 50 ਨੂੰ ਕਰਾਇਆ ਹਸਪਤਾਲ ਦਾਖਲ

**ਏਜੰਸੀਆਂ**

ਮਹਾਰਾਸ਼ਟਰ 9 ਅਕਤੂਬਰ। ਮਹਾਰਾਸਟਰ ਦੇ ਲਾਤੂਰ ਸਹਿਰ ਦੇ ਇਕ ਸਰਕਾਰੀ ਕਾਲਜ ਦੇ ਹੋਸਟਲ ਵਿਚ ਰਾਤ ਦੇ ਖਾਣੇ ਤੋਂ ਬਾਅਦ ਫੂਡ ਪੁਆਇਜਨਿੰਗ ਕਾਰਨ ਕਰੀਬ 50 ਵਿਦਿਆਰਥਣਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਅਧਿਕਾਰੀਆਂ ਨੇ



ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। 'ਪੂਰਨਮਲ ਲਾਹੋਟੀ ਸਰਕਾਰੀ ਪੌਲੀਟੈਕਨਿਕ' ਦੇ ਇਸ ਹੋਸਟਲ ਵਿਚ 324 ਵਿਦਿਆਰਥਣਾਂ ਰਹਿੰਦੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਸਨੀਵਾਰ ਸਾਮ ਕਰੀਬ 7 ਵਜੇ ਵਿਦਿਆਰਥਣਾਂ ਨੇ ਚੌਲ, ਰੋਟੀ, ਭਿੰਡੀ ਦੀ ਸਬਜੀ ਖਾਧੀ ਅਤੇ ਦਾਲ ਦਾ ਸੂਪ ਪੀਤਾ। ਰਾਤ 8.30 ਵਜੇ ਤੱਕ ਕਈਆਂ ਨੂੰ ਬੇਚੈਨੀ ਮਹਿਸੂਸ ਹੋਈ ਅਤੇ ਕੁਝ ਵਿਦਿਆਰਥਣਾਂ ਨੂੰ ਉਲਟੀਆਂ ਆਉਣ ਲੱਗੀਆਂ। ਇਸ ਦੀ ਸੂਚਨਾ ਮਿਲਦੇ ਹੀ ਕਾਲਜ ਦੇ ਪ੍ਰਿੰਸੀਪਲ ਨੇ ਮੌਕੇ 'ਤੇ ਪਹੁੰਚ ਕੇ ਲਾਤੂਰ ਦੇ ਵਿਲਾਸਰਾਓ ਦੇਸਮੁਖ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਡੀਨ ਡਾ. ਉਦੈ ਮੋਹਤੇ ਨੂੰ ਸੂਚਿਤ ਕੀਤਾ। ਪੀੜਤ ਵਿਦਿਆਰਥਣਾਂ ਨੂੰ ਤੁਰੰਤ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ। ਡਾ. ਮੋਹਿਤੇ ਨੇ ਪੀਟੀਆਈ ਨੂੰ ਦੱਸਿਆ ਕਿ ਅੱਧੀ ਰਾਤ ਤੱਕ ਕਰੀਬ 50 ਵਿਦਿਆਰਥਣਾਂ ਨੂੰ ਇਲਾਜ ਲਈ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਇਨ੍ਹਾਂ ਵਿੱਚੋਂ 20 ਨੂੰ ਸਵੇਰੇ 3 ਵਜੇ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਹਸਪਤਾਲ ਵਿਚ 30 ਹੋਰ ਵਿਦਿਆਰਥਣਾਂ ਦਾ ਇਲਾਜ ਚੱਲ ਰਿਹਾ ਹੈ। ਇਨ੍ਹਾਂ ਵਿੱਚੋਂ ਕਿਸੇ ਦੀ ਵੀ ਹਾਲਤ ਗੰਭੀਰ ਨਹੀਂ ਹੈ। ਕਾਲਜ ਦੇ ਪ੍ਰਿੰਸੀਪਲ ਵੀਡੀ ਨਿਥਨਵਾਰੇ ਨੇ ਪੀਟੀਆਈ ਨੂੰ ਦੱਸਿਆ, "ਹੋਸਟਲ ਦੀਆਂ ਕੁਝ ਵਿਦਿਆਰਥਣਾਂ ਦੀ ਸਿਹਤ ਠੀਕ ਨਾ ਹੋਣ ਦੀ ਖਬਰ ਮਿਲਣ ਤੋਂ ਬਾਅਦ ਅਸੀਂ ਤੁਰੰਤ ਮੌਕੇ 'ਤੇ ਪਹੁੰਚ ਗਏ। ਸਾਰੀਆਂ ਪੀੜਤ ਵਿਦਿਆਰਥਣਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਹ ਯਕੀਨੀ ਬਣਾਉਣ ਲਈ ਵਿਆਪਕ ਸਿਹਤ ਜਾਂਚ ਕੀਤੀ ਗਈ ਕਿ ਕਿਸੇ ਵੀ ਵਿਦਿਆਰਥੀ ਨੂੰ ਖਤਰਾ ਨਾ ਹੋਵੇ। ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ।" ਉਨ੍ਹਾਂ ਕਿਹਾ ਕਿ ਸਿ਼ਵਾਜੀਨਗਰ ਪੁਲਸ ਨੂੰ ਘਟਨਾ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਭੋਜਨ ਦੇ ਨਮੂਨੇ ਇਕੱਠੇ ਕੀਤੇ ਹਨ। ਨਮੂਨਿਆਂ ਦੀ ਰਿਪੋਰਟ ਆਉਣ ਤੋਂ ਬਾਅਦ ਫੂਡ ਪੁਆਇਜਨਿੰਗ ਦੇ ਕਾਰਨਾਂ ਦਾ ਪਤਾ ਲਗਾਇਆ ਜਾਵੇਗਾ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਲਾਤੂਰ ਲੋਕ ਸਭਾ ਮੈਂਬਰ ਸਿ਼ਵਾਜੀ ਕਾਲਗੇ ਵਿਦਿਆਰਥਣਾਂ ਦਾ ਹਾਲ-ਚਾਲ ਪੁੱਛਣ ਹਸਪਤਾਲ ਪੁੱਜੇ।

## ਇਨ੍ਹਾਂ ਸਕੂਲਾਂ 'ਤੇ ਹੋਣ ਜਾ ਰਿਹਾ ਵੱਡਾ ਐਕਸ਼ਨ, ਸਿੱਖਿਆ ਵਿਭਾਗ ਨੇ ਮੰਗੀ ਰਿਪੋਰਟ

**ਸਰਦੂਲ ਸਿੰਘ**

ਚੰਡੀਗੜ੍ਹ 9 ਅਕਤੂਬਰ। ਪ੍ਰਸ਼ਾਸਨ ਨੇ ਸ਼ਹਿਰ ਦੇ ਪਿੰਡਾਂ ਅਤੇ ਝੁੱਗੀ-ਝੌਂਪੜੀ ਵਾਲੇ ਖੇਤਰਾਂ 'ਚ ਖੋਲ੍ਹੇ ਗਏ 79 ਗੈਰ ਮਾਨਤਾ ਪ੍ਰਾਪਤ ਸਕੂਲਾਂ ਦਾ ਨਿਰੀਖਣ ਕਰਕੇ ਤਿੰਨ ਹਫ਼ਤਿਆਂ 'ਚ ਕਾਰਵਾਈ ਰਿਪੋਰਟ ਪੇਸ਼ ਕਰਨ ਲਈ ਕਿਹਾ ਸੀ। ਇਨ੍ਹਾਂ ਸਕੂਲਾਂ ਦੇ ਨਿਰੀਖਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਰਿਪੋਰਟ ਤਿਆਰ ਹੈ। ਜਿਸ 'ਤੇ ਪ੍ਰਸ਼ਾਸਨ ਜਲਦ ਹੀ ਬਣਦੀ ਕਾਰਵਾਈ ਕਰਨ ਦਾ ਫੈਸਲਾ ਕਰੇਗਾ। ਡਿਪਟੀ ਕਮਿਸ਼ਨਰ ਵਿਨੈ ਪ੍ਰਤਾਪ ਸਿੰਘ ਨੇ 10 ਸਤੰਬਰ ਨੂੰ ਐੱਸ.ਡੀ.ਐੱਮ. ਅਤੇ ਜੁਆਇੰਟ ਕਮਿਸ਼ਨਰ ਐੱਮ.ਸੀ. ਨੂੰ ਸ਼ਹਿਰ ਦੇ ਘੇਰੇ ਵਿਚ ਗੈਰ-ਮਾਨਤਾ ਪ੍ਰਾਪਤ 79 ਸਕੂਲਾਂ ਦਾ ਨਿਰੀਖਣ ਕਰਨ ਦੇ ਨਿਰਦੇਸ਼ ਦਿੱਤੇ ਸਨ। ਰਿਪੋਰਟ ਆਉਣ ਤੋਂ ਬਾਅਦ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬਿਲਡਿੰਗ ਨਿਯਮਾਂ ਅਤੇ ਫਾਇਰ ਸੇਫਟੀ ਐਕਟ ਅਨੁਸਾਰ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਜਾਣਗੇ। ਜ਼ਿਲ੍ਹਾ ਸਿੱਖਿਆ ਦਫ਼ਤਰ ਵੱਲੋਂ 10 ਸਤੰਬਰ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਚੱਲ ਰਹੇ ਸਕੂਲਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ। ਇਸ ਤੋਂ ਪਹਿਲਾਂ 21 ਅਗਸਤ ਨੂੰ ਭੇਜੇ ਪੱਤਰ ਤੋਂ ਬਾਅਦ ਗੈਰ-ਮਾਨਤਾ ਪ੍ਰਾਪਤ ਸਕੂਲਾਂ 'ਤੇ ਕਾਰਵਾਈ ਦੀ ਚਰਚਾ ਤੇਜ਼ ਹੋ ਗਈ ਸੀ। ਇਹ ਪੱਤਰ ਅਸਟੇਟ ਅਫਸਰ, ਯੂ.ਟੀ. ਪ੍ਰਸ਼ਾਸਨ ਅਤੇ ਨਗਰ ਨਿਗਮ ਨੂੰ ਭੇਜਿਆ ਗਿਆ ਸੀ। ਇਸ ਪੱਤਰ ਅਨੁਸਾਰ ਸਾਲ 2019 ਵਿਚ 119 ਗੈਰ-ਮਾਨਤਾ ਪ੍ਰਾਪਤ ਸਕੂਲਾਂ ਨੂੰ ਵਿਭਾਗ ਦੇ ਧਿਆਨ ਵਿਚ ਲਿਆਂਦਾ ਗਿਆ ਸੀ। ਜਾਂਚ ਦੌਰਾਨ ਪਤਾ ਲੱਗਾ ਕਿ 28 ਸਕੂਲ ਬੰਦ ਹੋ ਗਏ ਸਨ। ਹਾਲਾਂਕਿ, 91 ਸਕੂਲ ਅਜੇ ਵੀ ਗੈਰ-ਕਾਨੂੰਨੀ ਢੰਗ ਨਾਲ ਚੱਲ ਰਹੇ ਸਨ, ਜਿਨ੍ਹਾਂ ਵਿਚ ਅੰਦਾਜ਼ਨ 19,000



ਵਿਦਿਆਰਥੀ ਪੜ੍ਹ ਰਹੇ ਹਨ। ਇਨ੍ਹਾਂ ਸਕੂਲਾਂ ਦੀਆਂ ਇਮਾਰਤਾਂ ਵਿਚ ਸੁਰੱਖਿਆ ਪ੍ਰਬੰਧ ਵੀ ਵੱਡੀ ਚਿੰਤਾ ਦਾ ਵਿਸ਼ਾ ਸਨ। ਅਸਟੇਟ ਦਫ਼ਤਰ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਪੰਜ ਸਾਲ ਪਹਿਲਾਂ ਕੀਤੇ ਗਏ ਯਤਨਾਂ ਦੇ ਬਾਵਜੂਦ ਸਮੱਸਿਆ ਜਿਉਂ ਦੀ ਤਿਉਂ ਹੈ। ਤਾਜ਼ਾ ਨਿਰੀਖਣ ਵਿਚ ਪਾਇਆ ਗਿਆ ਕਿ ਲਗਭਗ 55 ਸਕੂਲ ਫਾਇਰ ਸੇਫਟੀ ਸਰਟੀਫਿਕੇਟ ਤੋਂ ਬਿਨਾਂ ਚੱਲ ਰਹੇ ਹਨ। ਇਸ ਦੇ ਨਾਲ ਹੀ, 59 ਕੋਲ ਲੋੜੀਂਦੇ ਫਿੱਟ ਫਾਰ ਆਕਿਊਪੇਸ਼ਨ ਸਰਟੀਫਿਕੇਟ ਨਹੀਂ ਸਨ। ਇਨ੍ਹਾਂ ਸੁਰੱਖਿਆ ਖਾਮੀਆਂ ਕਾਰਨ ਸਕੂਲਾਂ ਵਿਚ ਪੜ੍ਹਨ ਵਾਲੇ ਹਜ਼ਾਰਾਂ ਵਿਦਿਆਰਥੀ ਦੀ ਚਿੰਤਾ ਸਤਾ ਰਹੀ ਹੈ। ਅਗਸਤ, 2024 ਦੇ ਪੱਤਰ ਅਨੁਸਾਰ ਵਿਭਾਗ ਕੋਲ ਅਜੇ ਵੀ ਚੱਲ ਰਹੇ ਲਗਭਗ 79 ਗੈਰ ਮਾਨਤਾ ਪ੍ਰਾਪਤ ਸਕੂਲਾਂ ਬਾਰੇ ਜਾਣਕਾਰੀ ਹੈ। ਇਨ੍ਹਾਂ ਸਕੂਲਾਂ ਨੇ ਆਰ.ਟੀ.ਆਈ. ਐਕਟ ਅਤੇ ਪੰਜਾਬ ਸਿੱਖਿਆ ਸਹਿੰਤਾ ਦੀ ਮਾਨਤਾ ਲਈ ਲੋੜੀਂਦੇ ਮਾਪਦੰਡਾਂ ਨੂੰ ਪੂਰਾ ਨਹੀਂ ਕੀਤਾ ਹੈ। ਸਿੱਖਿਆ ਵਿਭਾਗ ਨੇ ਸ਼ਹਿਰ ਦੇ 91 ਗੈਰ ਮਾਨਤਾ ਪ੍ਰਾਪਤ ਸਕੂਲਾਂ ਨੂੰ ਇਕ ਮਹੀਨੇ ਦਾ ਨੋਟਿਸ ਜਾਰੀ ਕੀਤਾ ਸੀ, ਜਿਸ ਦੀ ਸਮਾਂ ਸੀਮਾ ਖਤਮ ਹੋ ਚੁੱਕੀ ਹੈ। ਹੁਣ ਪ੍ਰਸ਼ਾਸਨ ਇਨ੍ਹਾਂ ਸਕੂਲਾਂ ਖ਼ਿਲਾਫ਼ ਕਾਰਵਾਈ ਕਰਨ ਦੀ ਤਿਆਰੀ ਕਰ ਰਿਹਾ ਹੈ। ਨੋਟਿਸ ਪੀਰੀਅਡ ਦੌਰਾਨ ਸਕੂਲਾਂ ਨੂੰ ਉਚਿਤ ਮਾਨਤਾ ਪ੍ਰਾਪਤ ਕਰਨ ਦਾ ਮੌਕਾ ਦਿੱਤਾ ਗਿਆ ਸੀ, ਪਰ ਜ਼ਿਆਦਾਤਰ ਸਕੂਲਾਂ ਨੇ ਕੋਈ ਠੋਸ ਕਦਮ ਨਹੀਂ ਚੁੱਕਿਆ। ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਸਕੂਲਾਂ ਦੀ ਮਾਨਤਾ ਦੀ ਘਾਟ ਬੱਚਿਆਂ ਦਾ ਭਵਿੱਖ ਖ਼ਤਰੇ ਵਿਚ ਪਾ ਸਕਦੀ ਹੈ। ਜੇਕਰ ਸਕੂਲਾਂ ਨੇ ਨਿਰਧਾਰਤ ਸਮੇਂ ਦੇ ਅੰਦਰ ਲੋੜੀਂਦੇ ਦਸਤਾਵੇਜ਼ ਅਤੇ ਮਾਨਤਾ ਦੀ ਪ੍ਰਕਿਰਿਆ ਪੂਰੀ ਨਹੀਂ ਕੀਤੀ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਸਿੱਖਿਆ ਵਿਭਾਗ ਦਾ ਇਹ ਕਦਮ ਸ਼ਹਿਰ ਵਿਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ।

## 18 ਸਾਲ ਬਾਅਦ ਘਰ 'ਚ ਗੂੰਜਣ ਲੱਗੀਆਂ ਸੀ ਕਿਲਕਾਰੀਆਂ, ਧਰਨੇ ਕਾਰਨ ਕੁੱਖ 'ਚ ਹੀ ਖਤਮ ਹੋ ਗਈ ਨੰਨ੍ਹੀ ਜਾਨ

ਜਲਾਲਾਬਾਦ 9 ਅਕਤੂਬਰ। ਫਿਰੋਜ਼ਪੁਰ-ਫਾਜ਼ਿਲਕਾ ਮੁੱਖ ਮਾਰਗ 'ਤੇ ਸਥਿਤ ਸਥਾਨਕ ਬੱਤੀਆਂ ਵਾਲੇ ਚੌਂਕ ਵਿੱਚ ਬੀਤੇ ਦਿਨ ਤੋਂ ਚੱਲ ਰਹੇ ਰੋਸ ਧਰਨੇ 'ਤੇ ਚੱਕਾ ਜਾਮ ਨੇ ਇਕ ਪਰਿਵਾਰ ਦੀਆਂ ਖੁਸ਼ੀਆਂ ਖੋਹ ਲਈਆਂ ਹਨ ਅਤੇ ਜਿਸ ਘਰ 'ਚ 18 ਸਾਲ ਬਾਅਦ ਨਵਾਂ ਜੀਅ ਆਉਣ ਦੀਆਂ ਵਧਾਈਆਂ ਆਉਣੀਆਂ ਸਨ। ਉਸ ਪਰਿਵਾਰ ਦੀ ਗਰਭਵਤੀ ਔਰਤ ਦੇ ਸਮੇਂ ਸਿਰ ਹਸਪਤਾਲ ਨਾ ਪਹੁੰਚਣ ਕਾਰਨ ਨੰਨ੍ਹੀ ਜਾਨ ਦੇ ਜਹਾਨ 'ਤੇ ਆਉਣ ਤੋਂ ਪਹਿਲਾਂ ਹੀ ਅੱਖਾਂ ਮੀਚ ਜਾਣ ਕਰਕੇ ਉਕਤ ਘਰ ਵਿੱਚ ਮਾਤਮ ਦੇ ਕੀਰਨੇ ਸੁਣ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਜਲਾਲਾਬਾਦ ਸ਼ਹਿਰ ਦੇ ਨਾਲ ਹੀ ਸਥਿਤ ਪਿੰਡ ਬੱਘੇ ਕਾ ਤੋਂ ਇਕ ਗਰਭਵਤੀ ਔਰਤ ਨੂੰ ਬੀਤੀ ਰਾਤ ਸ਼ਹਿਰ ਦੇ ਇਕ ਨਿੱਜੀ ਹਸਪਤਾਲ ਵਿੱਚ ਲਿਆਂਦਾ ਜਾ ਰਿਹਾ ਸੀ ਪਰ ਸਥਾਨਕ ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਉਕਤ ਧਰਨੇ ਕਾਰਨ ਵਾਹਨਾਂ ਦੀ ਲੰਮੀਆਂ ਕਤਾਰਾਂ ਲੱਗਣ ਦੇ ਚੱਲਦਿਆਂ ਰੋਡ ਉਤੇ ਲੱਗੇ ਜਾਮ ਕਾਰਨ



ਗਰਭਵਤੀ ਔਰਤ ਸਮੇਂ ਸਿਰ ਹਸਪਤਾਲ ਨਹੀਂ ਪਹੁੰਚ ਸਕੀ। ਹਸਪਤਾਲ ਪਹੁੰਚਣ ਵਿੱਚ ਦੇਰੀ ਹੋਣ ਕਾਰਨ ਉਕਤ ਗਰਭਵਤੀ ਔਰਤ ਦੇ ਨਵਜੰਮੇ ਬੱਚੇ ਦੀ ਮੌਤ ਹੋ ਗਈ। ਜਿ਼ਕਰਯੋਗ ਹੈ ਕਿ ਉਕਤ ਪਰਿਵਾਰ 'ਚ 18 ਸਾਲ ਬਾਅਦ ਨਵੇਂ ਜੀਅ ਦਾ ਜਨਮ ਹੋਣ ਲੱਗਾ ਸੀ ਅਤੇ ਪਰਿਵਾਰ ਨਵੇਂ ਜੀਅ ਦੇ ਆਉਣ ਦੀਆਂ ਖੁਸ਼ੀਆਂ ਵਿੱਚ ਕਾਫੀ ਖੁਸ਼ ਸੀ ਪਰ ਉਕਤ ਰੋਸ ਧਰਨੇ ਕਾਰਨ ਹਸਪਤਾਲ ਵਿੱਚ ਪਹੁੰਚਣ 'ਚ ਹੋਈ ਦੇਰੀ ਨੇ ਉਕਤ ਪਰਿਵਾਰ ਤੋਂ ਉਨ੍ਹਾਂ ਦੀਆਂ ਖੁਸ਼ੀਆਂ ਖੋਹ ਲਈਆਂ। ਇਸ ਸੋਗਮਈ ਖ਼ਬਰ ਨੇ ਜਿੱਥੇ ਉਕਤ ਪਰਿਵਾਰਕ ਮੈਂਬਰਾਂ ਨੂੰ ਦੁੱਖ ਦੇ ਡੂੰਘੇ ਸਮੁੰਦਰ ਵਿੱਚ ਸੁੱਟ ਦਿੱਤਾ, ਉਥੇ ਹੀ ਇਲਾਕਾ ਵਾਸੀਆਂ 'ਚ ਜ਼ਿਲ੍ਹਾ ਪ੍ਰਸ਼ਾਸਨ ਖਿ਼ਲਾਫ ਰੋਸ ਵੇਖਣ ਨੂੰ ਮਿਲ ਰਿਹਾ ਹੈ ਪਰ ਲੱਗ ਰਿਹਾ ਹੈ ਕਿ ਜਿ਼ਲ੍ਹਾ ਪ੍ਰਸ਼ਾਸਨ ਨੇ ਇਸ ਸੋਗਮਈ ਘਟਨਾ ਤੋਂ ਬਾਅਦ ਵੀ ਕੋਈ ਸਬਕ ਨਹੀਂ ਲਿਆ ਅਤੇ ਨਤੀਜੇ ਵੱਜੋਂ ਖ਼ਬਰ ਲਿਖੇ ਜਾਣ ਤੱਕ ਦਿਨ-ਰਾਤ ਦੇ ਲਗਾਤਾਰ ਧਰਨੇ ਦੇ ਦੂਜੇ ਦਿਨ ਵੀ ਐੱਫ. ਐੱਫ. ਰੋਡ ਰੋਸ ਧਰਨੇ ਕਾਰਨ ਪੂਰੀ ਤਰ੍ਹਾਂ ਬੰਦ ਸੀ, ਜਿਸ ਕਾਰਨ ਆਮ ਜਨ ਲਈ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਭ ਦੇ ਚੱਲਦਿਆਂ ਆਮ ਲੋਕਾਂ ਵਿੱਚ ਵੀ ਪ੍ਰਸ਼ਾਸਨ ਖਿ਼ਲਾਫ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ।

### ਜੰਗ ਲੱਗੀ ਟੈਂਕ ਰੋਧੀ ਬਾਰੂਦੀ ਸੁਰੰਗ ਅਤੇ ਮੋਰਟਾਰ ਸ਼ੈੱਲ ਬਰਾਮਦ

ਜੰਮੂ 9 ਅਕਤੂਬਰ। ਜੰਮੂ-ਕਸ਼ਮੀਰ ਦੇ ਸਾਂਬਾ ਜਿ਼ਲ੍ਹੇ ਵਿਚ ਵੱਖ-ਵੱਖ ਥਾਵਾਂ 'ਤੇ ਪਿੰਡ ਵਾਸੀਆਂ ਨੇ ਜੰਗ ਲੱਗੀ ਟੈਂਕ ਰੋਧੀ ਬਾਰੂਦੀ ਸੁਰੰਗ ਅਤੇ ਇਕ ਪੁਰਾਣਾ ਮੋਰਟਾਰ ਸ਼ੈੱਲ ਮਿਲਿਆ, ਜਿਸ ਨੂੰ ਨਕਾਰਾ ਕਰ ਦਿੱਤਾ ਗਿਆ। ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਅੱਜ ਸਵੇਰੇ ਰੀਗਲ ਸੀਮਾ ਚੌਕੀ ਕੋਲ ਆਪਣੇ ਖੇਤਾਂ ਵਿਚ ਕੰਮ ਕਰ ਰਹੇ ਇਕ ਕਿਸਾਨ ਨੇ ਟੈਂਕ ਰੋਧੀ ਬਾਰੂਦ ਸੁਰੰਗ ਵੇਖੀ। ਅਧਿਕਾਰੀਆਂ ਨੇ ਦੱਸਿਆ ਕਿ ਕਿਸਾਨ ਨੇ ਤੁਰੰਤ ਇਸ ਦੀ ਸੂਚਨਾ ਇਕਾਈ ਨੂੰ ਦਿੱਤੀ ਅਤੇ ਬਾਅਦ ਵਿਚ ਮਾਹਰਾਂ ਨੇ ਬਾਰੂਦੀ ਸੁਰੰਗ ਨੂੰ ਸੁਰੱਖਿਅਤ ਤਰੀਕੇ ਨਾਲ ਨਕਾਰਾ ਕਰ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਮੋਰਟਾਰ ਸ਼ੈੱਲ ਐਤਵਾਰ ਦੀ ਸ਼ਾਮ ਨੂੰ ਬਾੜੀ ਬ੍ਰਾਹਮਣਾ ਖੇਤਰ ਦੇ ਬਲੋਲੇ ਖੱਡ ਵਿਚ ਕੂੜੇ ਦੇ ਢੇਰ ਵਿਚ ਪਿਆ ਮਿਲਿਆ ਅਤੇ ਬਾਅਦ ਵਿਚ ਪੁਲਸ ਦੇ ਬੰਬ ਨਿਰੋਧਕ ਦਸਤੇ ਨੇ ਉਸ ਨੂੰ ਨਕਾਰਾ ਕਰ ਦਿੱਤਾ।

## ਜੇਕਰ ਇਹ ਡਾਕੂਮੈਂਟ ਜਮ੍ਹਾਂ ਨਹੀਂ ਕਰਾਇਆ ਤਾਂ ਬੰਦ ਹੋ ਜਾਵੇਗੀ ਪੈਨਸ਼ਨ, ਆਖਰੀ ਤਰੀਕ ਤੋਂ ਪਹਿਲਾਂ ਕਰੋ ਸਬਮਿਟ

**ਕਿਸ਼ਨ ਪਾਲ**

ਨੈਸ਼ਨਲ ਡੈਸਕ 9 ਅਕਤੂਬਰ। ਦੇਸ ਵਿਚ 80 ਸਾਲ ਅਤੇ ਵੱਧ ਉਮਰ ਦੇ ਪੈਨਸਨਰਜ ਲਈ ਲਾਈਫ ਸਰਟੀਫਿਕੇਟ (ਲਾਈਫ ਸਰਟੀਫਿਕੇਟ) ਜਮ੍ਹਾ ਕਰਨਾ ਹੁਣ ਲਾਜਮੀ ਹੋ ਗਿਆ ਹੈ। ਜੇਕਰ ਤੁਸੀਂ ਸਮੇਂ 'ਤੇ ਇਹ ਸਰਟੀਫਿਕੇਟ ਨਹੀਂ ਜਮ੍ਹਾ ਕਰਦੇ ਹੋ ਤਾਂ ਤੁਹਾਡੀ ਪੈਨਸਨ ਬੰਦ ਹੋ ਸਕਦੀ ਹੈ। ਪਹਿਲਾਂ ਆਖਰੀ ਤਰੀਕ 1 ਨਵੰਬਰ ਸੀ ਪਰ ਹੁਣ ਇਹ 1 ਅਕਤੂਬਰ ਤੋਂ ਜਮ੍ਹਾ ਕਰਨਾ ਹੋਵੇਗਾ। ਜੀਵਨ ਪ੍ਰਮਾਣ-ਪੱਤਰ ਇਕ ਸਰਟੀਫਿਕੇਟ ਹੈ ਜੋ ਦਰਸਾਉਂਦਾ ਹੈ ਕਿ ਪੈਨਸਨਰ ਜਿ਼ੰਦਾ ਹੈ। ਇਹ ਐਕਟ ਤਹਿਤ ਮਾਨਤਾ ਪ੍ਰਾਪਤ ਹੈ ਅਤੇ ਆਧਾਰ ਕਾਰਡ ਅਤੇ ਬਾਇਓਮੈਟ੍ਰਿਕ ਤਸਦੀਕ ਤੋਂ ਬਾਅਦ ਪੈਨਸਨ ਵਿਭਾਗ ਨੂੰ ਜਮ੍ਹਾਂ ਕਰਾਉਣਾ ਪੈਂਦਾ ਹੈ। ਆਮ ਤੌਰ 'ਤੇ ਜੀਵਨ ਸਰਟੀਫਿਕੇਟ ਜਮ੍ਹਾਂ ਕਰਨ ਦੀ ਆਖਰੀ ਤਰੀਕ 30 ਨਵੰਬਰ ਹੁੰਦੀ ਹੈ। ਜੇਕਰ ਪੈਨਸਨਰ 1 ਅਕਤੂਬਰ, 2024 ਨੂੰ ਜੀਵਨ ਸਰਟੀਫਿਕੇਟ ਜਮ੍ਹਾਂ ਕਰਵਾਉਂਦੇ ਹਨ ਤਾਂ ਇਹ ਅਗਲੇ ਸਾਲ 30 ਨਵੰਬਰ, 2025 ਤੱਕ ਵੈਧ ਰਹੇਗਾ। 5 ਦਾ ਫਰੰਟ ਕੈਮਰਾ ਅਤੇ ਇੰਟਰਨੈਟ ਕਨੈਕਟੀਵਿਟੀ ਵਾਲਾ ਸਮਾਰਟਫੋਨ ਹੋਣਾ ਜਰੂਰੀ ਹੈ। ਤੁਹਾਡੇ ਆਧਾਰ




ਵਿਚ ਦਰਜ ਕੀਤਾ ਮੋਬਾਈਲ ਨੰਬਰ ਪੈਨਸਨ ਅਥਾਰਟੀ ਨਾਲ ਰਜਿਸਟਰ ਹੋਣਾ ਚਾਹੀਦਾ ਹੈ। ਗੂਗਲ ਪਲੇਅ ਸਟੋਰ ਤੋਂ 'ਆਧਾਰ ਫੇਸ ਆਈਡੀ' ਅਤੇ 'ਜੀਵਨ ਪ੍ਰਮਾਣ ਫੇਸ ਐਪ' ਡਾਊਨਲੋਡ ਕਰੋ। ਪੈਨਸਨ ਨਾਲ ਸਬੰਧਤ ਜਾਣਕਾਰੀ ਭਰੋ। ਜੀਵਨ ਸਰਟੀਫਿਕੇਟ ਡਾਊਨਲੋਡ ਕਰਨ ਦਾ ਲਿੰਕ ਰਾਹੀਂ ਤੁਹਾਡੇ ਮੋਬਾਈਲ ਨੰਬਰ 'ਤੇ ਆਵੇਗਾ। ਲਿੰਕ ਖੋਲ੍ਹੋ, ਸਰਟੀਫਿਕੇਟ ਡਾਊਨਲੋਡ ਕਰੋ ਅਤੇ ਇਸ ਨੂੰ ਜਮ੍ਹਾਂ ਕਰੋ। ਜੇਕਰ ਤੁਸੀਂ ਨਵੰਬਰ ਮਹੀਨੇ ਤੱਕ ਜੀਵਨ ਸਰਟੀਫਿਕੇਟ ਜਮ੍ਹਾਂ ਨਹੀਂ ਕਰਦੇ ਤਾਂ ਤੁਹਾਡੀ ਪੈਨਸਨ ਬੰਦ ਹੋ ਜਾਵੇਗੀ। ਪਰ ਜੇਕਰ ਤੁਸੀਂ ਅਗਲੇ ਮਹੀਨੇ ਸਰਟੀਫਿਕੇਟ ਜਮ੍ਹਾਂ ਕਰਦੇ ਹੋ ਤਾਂ ਪੈਨਸਨ ਦਾ ਭੁਗਤਾਨ ਮੁੜ ਸ਼ੁਰੂ ਹੋ ਜਾਵੇਗਾ ਅਤੇ ਤੁਹਾਨੂੰ ਬਕਾਇਆ ਰਕਮ ਵੀ ਮਿਲੇਗੀ। ਹਾਲਾਂਕਿ, ਜੇਕਰ ਜੀਵਨ ਸਰਟੀਫਿਕੇਟ 3 ਸਾਲਾਂ ਦੇ ਅੰਦਰ ਜਮ੍ਹਾਂ ਨਹੀਂ ਕੀਤਾ ਜਾਂਦਾ ਹੈ ਤਾਂ ਪੈਨਸਨ ਨੂੰ ਮੁੜ ਚਾਲੂ ਕਰਨ ਲਈ ਸਬੰਧਤ ਅਥਾਰਟੀ ਦੀ ਇਜਾਜਤ ਲੈਣੀ ਪਵੇਗੀ। ਇਸ ਲਈ ਪੈਨਸਨਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਲਦੀ ਤੋਂ ਜਲਦੀ ਜੀਵਨ ਸਰਟੀਫਿਕੇਟ ਜਮ੍ਹਾਂ ਕਰਾਉਣ ਅਤੇ ਆਪਣੀ ਪੈਨਸਨ ਨੂੰ ਸੁਚਾਰੂ ਢੰਗ ਨਾਲ ਕਾਇਮ ਰੱਖਣ

## ਕਸ਼ਮੀਰੀ ਪੰਡਤਾਂ ਨੇ 20 ਸਾਲ ਬਾਅਦ ਸੋਪੀਆਂ ਦੇ ਮੰਦਰ 'ਚ ਕੀਤੀ ਪੂਜਾ

ਸ੍ਰੀਨਗਰ 9 ਅਕਤੂਬਰ। ਉੱਤਰੀ ਕਸਮੀਰ ਦੇ ਸੋਪੀਆਂ ਜਿ਼ਲ੍ਹੇ ਦੇ ਨਦੀਮਾਰਗ ਪਿੰਡ 'ਚ ਸਥਿਤ ਪ੍ਰਾਚੀਨ ਅਰਦੇ ਨਰੇਸਵਰ ਮੰਦਰ 'ਚ ਸਨੀਵਾਰ ਨੂੰ ਕਸਮੀਰੀ ਪੰਡਤਾਂ ਨੇ 20 ਸਾਲ ਬਾਅਦ ਪੂਜਾ ਕੀਤੀ ਅਤੇ ਮੂਰਤੀ ਦੀ ਸਥਾਪਨਾ ਕੀਤੀ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਕੇਂਦਰ ਸਾਸਤ ਪ੍ਰਦੇਸ ਦੇ ਦੂਰ-ਦੁਰਾਡੇ ਦੇ ਖੇਤਰਾਂ ਤੋਂ ਵੱਡੀ ਗਿਣਤੀ ਵਿਚ



ਸਰਧਾਲੂ ਨਦੀਮਾਰਗ ਵਿਖੇ ਪ੍ਰਾਚੀਨ ਮੰਦਰ ਸਥਾਨ 'ਤੇ ਇਕੱਠੇ ਹੋਏ ਅਤੇ ਪੂਜਾ ਵਿਚ ਹਿੱਸਾ ਲੈਣ ਲਈ ਮੰਦਰ ਵਿਚ ਇਕੱਠੇ ਹੋਏ। ਅਧਿਕਾਰੀਆਂ ਨੇ ਦੱਸਿਆ ਕਿ ਪੂਜਾ ਦੀ ਰਸਮ 20 ਸਾਲਾਂ ਦੇ ਵਕਫੇ ਤੋਂ ਬਾਅਦ ਸਾਂਤੀਪੂਰਨ ਮਾਹੌਲ ਵਿੱਚ ਆਯੋਜਿਤ ਕੀਤੀ ਗਈ, ਸਥਾਨਕ ਮੁਸਲਮਾਨਾਂ ਨੇ ਕਸਮੀਰੀ ਪੰਡਿਤ ਭਰਾਵਾਂ ਦਾ ਸਵਾਗਤ ਕੀਤਾ ਜੋ ਪੂਜਾ ਵਿੱਚ ਹਿੱਸਾ ਲੈਣ ਲਈ ਮੌਕੇ 'ਤੇ ਪਹੁੰਚੇ ਸਨ। ਸੋਪੀਆਂ ਦੇ ਡਿਪਟੀ ਕਮਿਸਨਰ (ਡੀ.ਸੀ.) ਮੁਹੰਮਦ ਸਾਹਿਦ ਸਲੀਮ ਡਾਰ ਨੇ ਅਰਦੇ ਨਰੇਸਵਰ ਮੰਦਰ ਦਾ ਦੌਰਾ ਕੀਤਾ ਅਤੇ ਕਿਹਾ ਕਿ ਇਹ ਅਵਸਰ ਸਾਂਤੀ ਅਤੇ ਖੁਸਹਾਲੀ ਦੇ ਯੁੱਗ ਨੂੰ ਦਰਸਾਉਂਦਾ ਹੈ। ਸਮਾਗਮ ਵਿੱਚ ਜਿ਼ਲ੍ਹਾ ਅਤੇ ਸਬ-ਡਵੀਜਨ ਅਧਿਕਾਰੀਆਂ ਦੇ ਨਾਲ-ਨਾਲ ਸਥਾਨਕ ਭਾਈਚਾਰਿਆਂ ਨੇ ਵੀ ਸਿ਼ਰਕਤ ਕੀਤੀ। ਸਰਧਾਲੂਆਂ ਨੂੰ ਜਰੂਰੀ ਸੇਵਾਵਾਂ ਪ੍ਰਦਾਨ ਕਰਨ ਵਾਲੇ ਹੋਰ ਵਿਭਾਗਾਂ ਦੇ ਨਾਲ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਡੀ.ਸੀ. ਨੇ ਪ੍ਰਬੰਧਾਂ ਦਾ ਜਾਇਜਾ ਲਿਆ ਅਤੇ ਸਰਧਾਲੂਆਂ ਨਾਲ ਗੱਲਬਾਤ ਕੀਤੀ ਅਤੇ ਕਮਿਊਨਿਟੀ ਹਾਲ ਜਾਂ ਯਾਤਰਾ ਭਵਨ ਬਣਾਉਣ ਦੀ ਮੰਗ ਸਮੇਤ ਉਨ੍ਹਾਂ ਦੀ ਭਲਾਈ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਨੂੰ ਸੁਣਿਆ। ਉਨ੍ਹਾਂ ਇਸ ਮੁੱਦੇ 'ਤੇ ਤੁਰੰਤ ਕਾਰਵਾਈ ਦਾ ਭਰੋਸਾ ਦਿੱਤਾ। ਡੀ.ਸੀ. ਨੇ ਨਦੀਮਾਰਗ ਵਿੱਚ ਕਸਮੀਰੀ ਪੰਡਤਾਂ ਦੇ ਖਾਲੀ ਪਏ ਘਰਾਂ ਦਾ ਵੀ ਦੌਰਾ ਕੀਤਾ।

## ਵੀਜਾ ਨਾ ਲੱਗਣ ਤੋਂ ਪ੍ਰੇਸ਼ਾਨ ਹੋ ਕੇ ਨੌਜਵਾਨ ਪੀਣ ਲੱਗਾ ਸ਼ਰਾਬ, ਫਿਰ ਕਾਰ 'ਚ ਬੈਠ ਜੋ ਕੀਤਾ

ਪਟਿਆਲਾ 9 ਅਕਤੂਬਰ। ਪਟਿਆਲਾ ਤੋਂ ਇਕ ਬੇਹੱਦ ਸਨਸਨੀਖੇਜ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਵਿਦੇਸ਼ ਨਾ ਜਾਣ ਕਰ ਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਨੌਜਵਾਨ ਨੇ ਚੱਲਦੀ ਕਾਰ 'ਚ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਮਾਮਲੇ 'ਚ ਜਾਣਕਾਰੀ ਦਿੰਦੇ ਹੋਏ ਏ.ਐੱਸ.ਆਈ. ਜਗਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਹਰਪਾਲ ਸਿੰਘ (32) ਪੁੱਤਰ ਗੁਰਚਰਨ ਸਿੰਘ ਵਾਸੀ ਪਿੰਡ ਰਮਾਣਾ ਜਿ਼ਲ੍ਹਾ ਬਠਿੰਡਾ ਵਜੋਂ ਹੋਈ ਹੈ, ਜੋ ਕਿ ਆਪਣੇ ਪਰਿਵਾਰ ਨਾਲ ਇੱਥੇ ਦਰਸ਼ਨ ਨਗਰ ਵਿਖੇ ਰਹਿੰਦਾ ਸੀ। ਉਸ ਦੇ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਭਰਾ ਅਤੇ ਭਰਜਾਈ ਕੈਨੇਡਾ ਰਹਿੰਦੇ ਹਨ। ਬੀਤੀ ਰਾਤ ਲਗਭਗ 12.00 ਵਜੇ ਉਹ ਸ਼ਰਾਬ ਪੀਣ ਤੋਂ ਬਾਅਦ ਕਾਰਨਰ ਵਿਊ ਕਾਲੋਨੀ ਕੋਲ ਜਾ ਰਿਹਾ ਸੀ। ਇਸ ਦੌਰਾਨ ਉਸ ਨੇ ਆਪਣੀ ਪਿਸਟਲ 'ਚੋਂ ਆਪਣੇ ਆਪ ਨੂੰ ਗੋਲੀ ਮਾਰ ਕੇ ਆਤਮਹੱਤਿਆ ਕਰ ਲਈ। ਉਨ੍ਹਾਂ ਦੱਸਿਆ ਕਿ ਦੱਸਿਆ ਪੋਸਟਮਾਰਟਮ 'ਚ ਵੀ ਸ਼ਰਾਬ ਪੀਣ ਦਾ ਪੁਸ਼ਟੀ ਹੋਈ ਹੈ। ਏ.ਐੱਸ.ਆਈ. ਜਗਜੀਤ ਸਿੰਘ ਨੇ ਦੱਸਿਆ ਕਿ ਹਰਪਾਲ ਸਿੰਘ ਵਿਦੇਸ਼ ਜਾਣ ਦਾ ਚਾਹਵਾਨ ਸੀ ਪਰ ਜਾ ਨਹੀਂ ਪਾ ਰਿਹਾ ਸੀ, ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਚੱਲ ਰਿਹਾ ਸੀ। ਇਸੇ ਪ੍ਰੇਸ਼ਾਨੀ 'ਚ ਉਹ ਸ਼ਰਾਬ ਪੀਣ ਲੱਗ ਪਿਆ। ਬੀਤੀ ਰਾਤ ਉਸ ਨੇ ਸ਼ਰਾਬ ਪੀ ਕੇ ਗੱਡੀ 'ਚ ਚੱਲਦੇ ਸਮੇਂ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ।

### ਤੇਜ਼ ਮੀਂਹ ਅਤੇ ਝੱਖੜ ਨੇ ਖੇਤਾਂ 'ਚ ਵਿਛਾਈ ਝੋਨੇ ਦੀ ਫਸਲ, ਮਾਯੂਸ ਹੋਏ ਕਿਸਾਨ

ਗੁਰਦਾਸਪੁਰ 9 ਅਕਤੂਬਰ। ਬੀਤੀ ਦਿਨੀਂ ਗੁਰਦਾਸਪੁਰ ਅਤੇ ਆਸ ਪਾਸ ਇਲਾਕੇ 'ਚ ਆਏ ਤੇਜ਼ ਮੀਂਹ ਅਤੇ ਝੱਖੜ ਨੇ ਝੋਨੇ ਦੀ ਫਸਲ ਦਾ ਭਾਰੀ ਨੁਕਸਾਨ ਕੀਤਾ ਹੈ, ਜਿਸ ਕਾਰਨ ਕਈ ਥਾਈਂ ਪੱਕਣ ਕਿਨਾਰੇ ਪਹੁੰਚ ਚੁੱਕੀ ਝੋਨੇ ਦੀ ਫਸਲ ਖੇਤਾਂ ਵਿਚ ਵਿਛ ਗਈ ਹੈ। ਇਸ ਕਾਰਨ ਕਿਸਾਨਾਂ ਦੇ ਚਿਹਰੇ ਮੁਰਝਾ ਗਏ ਹਨ। ਕਈ ਕਿਸਾਨਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਕੁਝ ਹੀ ਦਿਨਾਂ ਬਾਅਦ ਝੋਨੇ ਦੀ ਫਸਲ ਪੱਕ ਕੇ ਤਿਆਰ ਹੋਣੀ ਸੀ ਅਤੇ ਵਾਢੀ ਦਾ ਕੰਮ ਸ਼ੁਰੂ ਹੋਣ ਜਾ ਰਿਹਾ ਹੈ ਪਰ ਬੀਤੀ ਰਾਤ ਆਏ ਇਸ ਤੇਜ਼ ਝੱਖੜ ਕਾਰਨ ਬਹੁਤ ਸਾਰੇ ਖੇਤਾਂ 'ਚ ਫਸਲ ਵਿਕ ਗਈ ਹੈ। ਉਨ੍ਹਾਂ ਕਿਹਾ ਕਿ ਇਸ ਫਸਲ ਕਾਰਨ ਫਸਲ ਦਾ ਨੂੰ ਕੱਟਣਾ ਮੁਸ਼ਕਲ ਹੋਵੇਗਾ ਤੇ ਇਸ ਨਾਲ ਫਸਲ ਦੀ ਪੈਦਾਵਾਰ 'ਤੇ ਵੀ ਭਾਰੀ ਅਸਰ ਪਵੇਗਾ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਖਰਾਬ ਹੋਈ ਫਸਲ ਦੀ ਗਰਦਾਵਰੀ ਕਰਾਵੇ। ਦੂਜੇ ਪਾਸੇ ਇਸ ਬਾਰਿਸ਼ ਕਾਰਨ ਮੌਸਮ 'ਚ ਮੁੜ ਤਬਦੀਲੀ ਆਈ ਹੈ। ਦੱਸਣਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਤਾਪਮਾਨ ਕਾਫੀ ਜਿ਼ਆਦਾ ਹੋ ਰਿਹਾ ਸੀ, ਜਿਸ ਕਾਰਨ ਅਕਤੂਬਰ ਦੇ ਮਹੀਨੇ 'ਚ ਵੀ ਲੋਕਾਂ ਨੂੰ ਕਾਫੀ ਗਰਮੀ ਸਹਿਣ ਕਰਨੀ ਪੈ ਰਹੀ ਸੀ ਪਰ ਬਾਰਿਸ਼ ਕਾਰਨ ਇਸ ਇਲਾਕੇ ਅੰਦਰ ਮੌਸਮ 'ਚ ਠੰਢਕ ਵਧ ਗਈ ਹੈ ਅਤੇ ਲੋਕਾਂ ਨੇ ਗਰਮੀ ਤੋਂ ਰਾਹਤ ਮਹਿਸੂਸ ਕੀਤੀ ਹੈ। ਇਸ ਬਾਰਿਸ਼ ਕਾਰਨ ਕਈ ਰੁੱਖ ਵੀ ਪੁੱਟੇ ਗਏ ਅਤੇ ਟਾਹਣੇ ਟੁੱਟਣ ਕਾਰਨ ਬਿਜਲੀ ਦੀਆਂ ਤਾਰਾਂ ਟੁੱਟ ਗਈਆਂ। ਇਸ ਕਾਰਨ ਗੁਰਦਾਸਪੁਰ ਸ਼ਹਿਰ ਸਮੇਤ ਪਿੰਡਾਂ ਬਿਜਲੀ ਸਪਲਾਈ ਵੀ ਪ੍ਰਭਾਵਿਤ ਹੋਈ ਅਤੇ ਕਈ ਥਾਈਂ ਰਾਤ ਸਮੇ ਬਿਜਲੀ ਬੰਦ ਰਹੀ।

## 10 ਸਾਲਾ ਕੁੜੀ ਦੀ ਮਿਲੀ ਲਾਸ਼, ਸਥਾਨਕ ਲੋਕਾਂ ਨੇ ਸਾੜੀ ਪੁਲਸ ਚੌਕੀ

**ਏਜੰਸੀਆਂ**

ਕੋਲਕਾਤਾ 9 ਅਕਤੂਬਰ। ਪੱਛਮੀ ਬੰਗਾਲ ਦੇ ਦੱਖਣੀ 24 ਪਰਗਨਾ ਜਿ਼ਲ੍ਹੇ 'ਚ ਸਨੀਵਾਰ ਨੂੰ ਇਕ ਦਲਦਲੀ ਜਮੀਨ 'ਚ 10 ਸਾਲਾ ਬੱਚੀ ਦੀ ਲਾਸ ਮਿਲਣ ਦੀ ਸੂਚਨਾ ਮਿਲੀ। ਇਸ ਤੋਂ ਬਾਅਦ ਸਥਾਨਕ ਲੋਕਾਂ ਨੇ ਪੁਲਸ ਚੌਕੀ ਨੂੰ ਅੱਗ ਲਗਾ ਦਿੱਤੀ ਅਤੇ ਵਾਹਨਾਂ ਦੀ ਭੰਨਤੋੜ ਕਰ ਦਿੱਤੀ। ਪੁਲਸ ਅਨੁਸਾਰ ਪਿੰਡ ਵਾਸੀਆਂ ਨੇ ਦੋਸ ਲਾਇਆ ਕਿ ਸੁੱਕਰਵਾਰ ਸਾਮ ਤੋਂ ਲਾਪਤਾ ਨਾਬਾਲਗ ਲੜਕੀ ਨਾਲ ਬਲਾਤਕਾਰ ਕਰਕੇ ਉਸ ਦਾ ਕਤਲ ਕਰ ਦਿੱਤਾ ਗਿਆ ਅਤੇ ਪੁਲਸ ਨੇ ਉਨ੍ਹਾਂ ਦੀ ਸਿ਼ਕਾਇਤ 'ਤੇ ਤੁਰੰਤ ਕਾਰਵਾਈ ਨਹੀਂ ਕੀਤੀ। ਦੱਸ ਦੇਈਏ ਕਿ ਸਨੀਵਾਰ ਸਵੇਰੇ ਜੈਨਗਰ ਇਲਾਕੇ 'ਚ ਜਿਵੇਂ ਸਥਾਨਕ ਲੋਕਾਂ ਨੂੰ ਬੱਚੀ ਦੀ ਲਾਸ ਮਿਲੀ, ਇਕੱਠੀ ਹੋਈ ਭੀੜ ਨੇ ਪੁਲਸ ਚੌਕੀ ਨੂੰ ਅੱਗ ਲਗਾ ਦਿੱਤੀ ਅਤੇ ਪੁਲਸ 'ਤੇ ਪਥਰਾਅ ਕੀਤਾ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਸਥਾਨਕ ਲੋਕਾਂ ਨੇ ਚੌਕੀ ਦੇ ਬਾਹਰ ਖੜੀਆਂ ਕਈ ਗੱਡੀਆਂ ਦੀ ਵੀ ਭੰਨਤੋੜ ਕੀਤੀ ਅਤੇ ਪੁਲਸ ਮੁਲਾਜਮਾਂ ਨੂੰ ਇਮਾਰਤ ਛੱਡਣ ਲਈ ਮਜਬੂਰ ਕੀਤਾ। ਮੌਕੇ 'ਤੇ ਮੌਜੂਦ ਐੱਸਡੀਪੀਓ ਅਤੇ ਹੋਰ ਸੀਨੀਅਰ ਪੁਲਸ ਮੁਲਾਜਮਾਂ ਨੂੰ ਰੋਕਣ ਦੀ ਕੋਸਿ਼ਸ ਕਰਨ ਵਾਲੀ ਭੀੜ ਨੂੰ ਕਾਬੂ ਕਰਨ ਲਈ ਵੱਡੀ ਗਿਣਤੀ ਵਿੱਚ ਪੁਲਸ ਮੁਲਾਜਮਾਂ ਨੂੰ ਇਲਾਕੇ ਵਿੱਚ ਭੇਜਿਆ ਗਿਆ ਅਤੇ ਅੱਥਰੂ ਗੈਸ ਦੇ ਗੋਲੇ ਛੱਡੇ ਗਏ। ਇੱਕ ਸਥਾਨਕ ਵਿਅਕਤੀ ਨੇ ਦਾਅਵਾ ਕੀਤਾ,



"ਕੁੜੀ ਦੇ ਪਰਿਵਾਰ ਨੇ ਇਲਾਕੇ ਵਿਚ ਮਹਿਸਮਾਰੀ ਚੌਕੀ ਵਿੱਚ ਐਫਆਈਆਰ ਦਰਜ ਕਰਵਾਈ ਪਰ ਪੁਲਸ ਨੇ ਸਿ਼ਕਾਇਤ 'ਤੇ ਤੁਰੰਤ ਕਾਰਵਾਈ ਨਹੀਂ ਕੀਤੀ।" ਇੱਕ ਹੋਰ ਪਿੰਡ ਵਾਸੀ ਨੇ ਦੱਸਿਆ ਕਿ ਪੁਲਸ ਨੇ ਉਸ ਤਰ੍ਹਾਂ ਦਾ ਵਿਵਹਾਰ ਕੀਤਾ, ਜਿਸ ਤਰ੍ਹਾਂ ਉਹਨਾਂ ਨੇ ਆਰਜੀ ਕਾਰ ਹਸਪਤਾਲ ਵਿੱਚ ਮਹਿਲਾ ਡਾਕਟਰ ਦੀ ਲਾਸ ਮਿਲਣ ਤੋਂ ਬਾਅਦ ਕੀਤਾ ਸੀ। ਇੱਕ ਸਥਾਨਕ ਗਣੇਸ ਡੋਲੂਈ ਨੇ ਕਿਹਾ, "ਅਸੀਂ ਉਦੋਂ ਤੱਕ ਆਪਣਾ ਅੰਦੋਲਨ ਜਾਰੀ ਰੱਖਾਂਗੇ ਜਦੋਂ ਤੱਕ ਸਾਡੀ ਨਾਬਾਲਗ ਧੀ ਦੇ ਬਲਾਤਕਾਰ ਅਤੇ ਹੱਤਿਆ ਵਿੱਚ ਸਾਮਲ ਸਾਰੇ ਦੋਸੀਆਂ ਨੂੰ ਸਜਾ ਨਹੀਂ ਮਿਲ ਜਾਂਦੀ। ਅਸੀਂ ਉਨ੍ਹਾਂ ਵਿਰੁੱਧ ਵੀ ਕਾਰਵਾਈ ਦੀ ਮੰਗ ਕਰਦੇ ਹਾਂ, ਜਿਨ੍ਹਾਂ ਨੇ ਸਿ਼ਕਾਇਤ 'ਤੇ ਦੇਰੀ ਨਾਲ ਕਾਰਵਾਈ ਕੀਤੀ ਅਤੇ ਉਹਨਾਂ ਕਾਰਨ ਉਸ ਦੀ ਮੌਤ ਹੋ ਗਈ। ਜੇਕਰ ਪੁਲਸ ਨੇ ਤੁਰੰਤ ਕਾਰਵਾਈ ਕੀਤੀ ਹੁੰਦੀ ਤਾਂ ਬੱਚੀ ਨੂੰ ਬਚਾਇਆ ਜਾ ਸਕਦਾ ਸੀ।" ਹਾਲਾਂਕਿ, ਪੁਲਸ ਨੇ ਕਿਹਾ ਕਿ ਸਿ਼ਕਾਇਤ ਮਿਲਣ ਤੋਂ ਤੁਰੰਤ ਬਾਅਦ ਕਾਰਵਾਈ ਕੀਤੀ ਗਈ ਅਤੇ ਲੜਕੀ ਨਾਲ ਕਥਿਤ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਵਿੱਚ ਇੱਕ ਦੋਸੀ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਸ ਅਧਿਕਾਰੀ ਨੇ ਕਿਹਾ, 'ਸੁਕਰਵਾਰ ਰਾਤ 9 ਵਜੇ ਐਫਆਈਆਰ ਦਰਜ ਹੋਣ ਤੋਂ ਬਾਅਦ ਪੁਲਸ ਹਰਕਤ ਵਿੱਚ ਆ ਗਈ ਅਤੇ ਸੁਰੂਆਤੀ ਜਾਂਚ ਤੋਂ ਬਾਅਦ ਅੱਜ ਸਵੇਰੇ ਇੱਕ ਦੋਸੀ ਨੂੰ ਗ੍ਰਿਫਤਾਰ ਕਰ ਲਿਆ। ਇਸ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਅਸੀਂ ਮ੍ਰਿਤਕ ਦੇ ਪਰਿਵਾਰ ਦੇ ਨਾਲ ਹਾਂ।'

## ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਵਲੋਂ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ ਖੇਤੀ ਮਸ਼ੀਨਰੀ ਵਰਤਣ ਦੀ ਅਪੀਲ

**ਏਜੰਸੀਆਂ**

ਗੁਰਦਾਸਪੁਰ 9 ਅਕਤੂਬਰ। ਅੱਜ ਜਦੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ, ਸ੍ਰੀ ਉਮਾ ਸ਼ੰਕਰ ਗੁਪਤਾ, ਕਲਾਨੌਰ ਦੇ ਸਰਹੱਦੀ ਪਿੰਡਾਂ ਭਿਖਾਰੀਵਾਲ ਤੇ ਦੋਸਤਪੁਰ ਵਿਖੇ ਪਰਾਲੀ ਨਾ ਸਾੜਨ ਦੀ ਅਪੀਲ ਕਰਨ ਅਤੇ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ ਮਿਲਣ ਲਈ ਪਹੁੰਚੇ ਤਾਂ ਉਨ੍ਹਾਂ ਖੁਦ ਟਰੈਕਟਰ 'ਤੇ ਬੈਠ ਕੇ ਖੇਤ ਵਿੱਚੋਂ ਬੇਲਰ ਰਾਹੀਂ ਪਰਾਲੀ ਦੀਆਂ ਗੱਠਾਂ ਬਣਵਾਈਆਂ। ਇਸ ਮੌਕੇ ਉਨ੍ਹਾਂ ਦੇ ਨਾਲ ਐੱਸ. ਐੱਸ. ਪੀ ਗੁਰਦਾਸਪੁਰ, ਸ੍ਰੀ ਹਰੀਸ ਦਾਯਮਾ ਵੀ ਮੌਜੂਦ ਸਨ। ਇਸ ਮੌਕੇ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਖੁਦ ਅਤੇ ਐੱਸ.ਐੱਸ.ਪੀ ਗੁਰਦਾਸਪੁਰ ਵਲੋਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਮਿਲ ਕੇ ਪਰਾਲੀ ਨਾ ਸਾੜਨ ਅਤੇ ਪਰਾਲੀ ਪ੍ਰਬੰਧਨ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਕਿਸਾਨ ਰਾਜਵਿੰਦਰ ਸਿੰਘ, ਵਾਸੀ ਸ਼ਹੂਰ ਦੇ ਖੇਤ ਵਿੱਚ ਬੇਲਰ ਰਾਹੀਂ ਪਰਾਲੀ ਦੀਆਂ ਗੱਠਾਂ ਬਣਵਾਈਆਂ ਗਈਆਂ ਅਤੇ ਕਿਹਾ ਕਿ ਜਿ਼ਲ੍ਹਾ ਪ੍ਰਸ਼ਾਸਨ ਵਲੋਂ ਪਰਾਲੀ ਦੀ ਸੰਭਾਲ ਲਈ ਕਰੀਬ 5000 ਖੇਤੀ ਮਸ਼ੀਨਰੀ ਉਪਲੱਬਧ ਕਰਵਾਈ ਗਈ ਹੈ ਅਤੇ ਪ੍ਰਸ਼ਾਸਨ ਦੀਆਂ ਸਿਵਲ ਤੇ ਪੁਲਸ ਦੀਆਂ ਸਾਂਝੀਆਂ ਟੀਮਾਂ ਵਲੋਂ ਪਿੰਡਾਂ ਜਾ ਕੇ ਕਿਸਾਨਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਪਰਾਲੀ ਨਾ ਸਾੜਨ ਅਤੇ ਖੇਤੀ ਮਸ਼ੀਨਰੀ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ



ਕਿ ਜਦ ਸਾਡੇ ਕੋਲ ਪਰਾਲੀ ਪ੍ਰਬੰਧਨ ਲਈ ਤਕਨੀਕਾਂ ਮੌਜੂਦ ਹਨ ਤਾਂ ਸਾਨੂੰ ਇਨ੍ਹਾਂ ਤਕਨੀਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਇਸ ਨਾਲ ਜਿਥੇ ਵਾਤਾਵਰਣ ਪਲੀਤ ਹੋਣ ਤੋਂ ਬਚਦਾ ਹੈ, ਉਥੇ ਹੀ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ, ਖਾਦਾਂ ਦੀ ਵਰਤੋਂ 'ਚ ਵੀ ਕਮੀ ਆਉਂਦੀ ਹੈ ਅਤੇ ਸਾਡੀ ਸਿਹਤ ਵੀ ਠੀਕ ਰਹਿੰਦੀ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਬੇਲਰ, ਸੁਪਰ ਸੀਡਰ, ਚੋਪਰ, ਸੁਪਰ ਐੱਸ.ਐੱਮ.ਐੱਸ ਤੇ ਹੈਪੀ ਸੀਡਰ ਵਰਗੀ ਮਸ਼ੀਨਰੀ ਉਪਲਬਧ ਹੈ ਤੇ ਕਿਸਾਨ ਇਸ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਪਰਾਲੀ ਦਾ ਨਿਪਟਾਰਾ ਇੰਨ ਸੀਟੂ ਤੇ ਐਕਸ ਸੀਟੂ ਤਕਨੀਕਾਂ ਨਾਲ ਕਰਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨ, ਮਸ਼ੀਨਰੀ ਦੀ ਬੁਕਿੰਗ ਲਈ ਪੰਜਾਬ ਸਰਕਾਰ ਵੱਲੋਂ ਤਿਆਰ ਕੀਤੀ 'ਉੱਨਤ ਕਿਸਾਨ' ਐਪ ਦੀ ਵਰਤੋਂ ਕਰਨ। 'ਉੱਨਤ ਕਿਸਾਨ' ਐਪ 'ਤੇ ਜ਼ਿਲ੍ਹੇ ਦੀਆਂ ਸੀ.ਆਰ.ਐੱਮ. ਮਸ਼ੀਨਾਂ ਨੂੰ ਮੈਪ ਕੀਤਾ ਗਿਆ ਹੈ ਅਤੇ ਕਿਸਾਨ ਇਸ ਮੋਬਾਈਲ ਐਪਲੀਕੇਸ਼ਨ ਰਾਹੀਂ ਆਪਣੇ ਆਸ-ਪਾਸ ਉਪਲਬਧ ਮਸ਼ੀਨ ਆਸਾਨੀ ਨਾਲ ਬੁੱਕ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਮਸ਼ੀਨਾਂ ਦੀ ਬੁਕਿੰਗ ਪ੍ਰਕਿਰਿਆ ਵਿੱਚ ਕਿਸਾਨਾਂ ਦੀ ਸਹਾਇਤਾ ਲਈ ਨੋਡਲ ਅਫ਼ਸਰ ਤੇ ਵਿਲੇਜ਼ ਲੈਵਲ ਅਫ਼ਸਰ ਤਾਇਨਾਤ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਜੇਕਰ ਕਿਸੇ ਕਿਸਾਨ ਨੂੰ ਪਰਾਲੀ ਦੇ ਪ੍ਰਬੰਧਨ ਸਬੰਧੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਨੇੜਲੇ ਖੇਤੀਬਾੜੀ ਵਿਭਾਗ ਜਾਂ ਐੱਸਡੀਐੱਮ ਦੇ ਦਫਤਰ ਨਾਲ ਸੰਪਰਕ ਕਰ ਸਕਦੇ ਹਨ ਜਾਂ ਹੈਲਪ ਲਾਈਨ ਨੰਬਰ 1800-180-1852 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਦਰ ਪੁਲਸ ਰਾਜਪੁਰਾ ਵੱਲੋਂ 1 ਕਿਲੋ ਅਫੀਮ ਸਮੇਤ 2 ਗ੍ਰਿਫਤਾਰ

ਪਟਿਆਲਾ/ਰਾਜਪੁਰਾ 9 ਅਕਤੂਬਰ। ਥਾਣਾ ਸਦਰ ਰਾਜਪੁਰਾ ਦੀ ਪੁਲਸ ਨੇ ਐੱਸ.ਐੱਚ.ਓ. ਇੰਸ. ਕ੍ਰਿਪਾਲ ਸਿੰਘ ਮੋਹੀ ਦੀ ਅਗਵਾਈ ਹੇਠ 1 ਕਿਲੋ ਅਫੀਮ ਸਮੇਤ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆ ਡੀਐੱਸਪੀ ਰਾਜਪੁਰਾ ਮਨਜੀਤ ਸਿੰਘ ਨੇ ਦੱਸਿਆ ਕਿ ਡੀਜੀਪੀ ਪੰਜਾਬ ਅਤੇ ਐੱਸਐੱਸਪੀ ਪਟਿਆਲਾ ਨਾਨਕ ਸਿੰਘ ਦੇ ਸਖਤ ਹਦਾਇਤਾਂ ਅਨੁਸਾਰ ਥਾਣਾ ਸਦਰ ਦੇ ਐੱਸ. ਐਚ. ਓ ਇੰਸਪੈਕਟਰ ਕ੍ਰਿਪਾਲ ਸਿੰਘ ਦੀ ਅਗਵਾਈ ਵਿੱਚ ਏ.ਐਸ ਆਈ ਹਰਜਿੰਦਰ ਸਿੰਘਅ ਪੁਲਸ ਪਾਰਟੀ ਨੇ ਜਸ਼ਨ ਹੋਟਲ ਦੇ ਨੇੜੇ ਜੀ. ਟੀ. ਰੋਡ 'ਤੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਪੁਲਸ ਵੱਲੋਂ ਇਕ ਵਹੀਕਲ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਸ ਵਹੀਕਲ ਵਿੱਚੋਂ ਦੋ ਵਿਅਕਤੀ ਜੋ ਪੂਲਸ ਨੂੰ ਦੇਖ ਕੇ ਲੁਕਣ ਦੀ ਤਾਕ ਵਿਚ ਸਨ ਤਾਂ ਸ਼ੱਕ ਪੈਣ 'ਤੇ ਰੋਕ ਕੇ ਜਦੋ ਉਨ੍ਹਾਂ ਦੀ ਤਲਾਸ਼ੀ ਲਈ ਗਈ ਤਾ ਉਨ੍ਹਾਂ ਕੋਲੋਂ 1 ਕਿਲੋ ਅਫੀਮ ਬਰਾਮਦ ਹੋਈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਪਕਾਸ਼ ਬੀਨ ਵਾਸੀ ਬਿਹਾਰ, ਛੋਟਾ ਬੀਨ ਵਾਸੀ ਬਿਹਾਰ ਦੇ ਤੋਰ 'ਤੇ ਕਰ ਉਨ੍ਹਾਂ ਖਿਲਾਫ ਐਨ.ਡੀ.ਪੀ.ਐਸ. ਐਕਟ ਦੇ ਤਹਿਤ ਮਾਮਲਾ ਦਰਜ ਕਰ ਕਾਰਵਾਈ ਸ਼ੁਰੂ ਕਰ ਦਿੱਤੀ ਹੈ । ਡੀ. ਐੱਸ. ਪੀ ਮਨਜੀਤ ਸਿੰਘ ਨੇ ਦੱਸਿਆ ਕਿ ਇਨਾਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਲੈਣ ਤੋਂ ਬਾਅਦ ਬੈਕਵਰਡ ਤੇ ਫਾਰਵਰਡ ਲਿੰਕ ਬਾਰੇ ਪਤਾ ਕੀਤਾ ਜਾਵੇਗਾ।